
A1 Roofing & Siding Ltd.
•ROOFING •SIDING •SOFFIT •STUCCO •HARDIE •FASCIA •EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

The Punjabi Newspaper
ਪੰਜਾਬੀਅਤ ਦਾ ਪਰਚਮ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000
Chief Editor : Harbans Buttar

Look & Find your dream home with
MANJIT JASWAL REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253

Vol: 11 No: 243 Website : www.punjabiakhbaar.ca EmaiÍ: editor@punjabiakhbaar.ca Friday, 3 May 2024

# ਅਲਬਰਟਾ ਪ੍ਰੀਮੀਅਰ, ਡੈਨੀਅਲ ਸਮਿੱਥ ਨੇ ਸੂਬੇ ਅੰਦਰ ਰੇਲ ਸੇਵਾਵਾਂ ਦੇ ਵਿਸਥਾਰ ਦਾ ਐਲਾਨ ਕੀਤਾ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿਥ ਨੇ ਕੈਲਗਰੀ ਦੇ ਹੈਰੀਟੇਜ ਪਾਰਕ ਵਿੱਚ ਸੂਬੇ ਦੇ ਪੈਸੰਜਰ ਰੇਲ ਮਾਸਟਰ ਪਲਾਨ ਦਾ ਐਲਾਨ ਕੀਤਾ ਹੈ ਜਿਸ ਰਾਹੀਂ ਸੂਬੇ ਵਿੱਚ ਵੱਖ ਵੱਖ ਰੇਲ ਸੇਵਾਵਾਂ ਸ਼ੁਰੂ ਕੀਤੀਆਂ ਜਾਣਗੀਆਂ। ਟਰਾਂਸਪੋਰਟ ਮੰਤਰੀ ਡੇਵਿਨ ਡਰੇਸ਼ਨ ਦੇ ਨਾਲ ਇਹ ਐਲਾਨ ਕਰਦਿਆਂ ਪ੍ਰੀਮੀਅਰ ਨੇ ਆਖਿਆ ਕਿ ਛੇ ਪੜਾਵਾਂ ਦੀ ਇਸ ਯੋਜਨਾ ਵਿੱਚ ਕੈਲਗਰੀ ਅਤੇ ਐਡਮਿੰਟਨ ਦੇ ਏਅਰਪੋਰਟਾਂ ਅਤੇ ਆਸੇ ਪਾਸੇ ਦੀਆਂ ਕਮਿਊਨਿਟੀਆਂ ਨੂੰ ਇਨ੍ਹਾਂ ਸ਼ਹਿਰਾਂ ਦੇ ਡਾਊਨ ਟਾਊਨਾ ਨਾਲ ਰੇਲ ਸੇਵਾ ਰਾਹੀਂ ਜੋੜਿਆ ਜਾਵੇਗਾ ਅਤੇ ਇਸ ਤੋਂ ਇਲਾਵਾ ਸੂਬੇ ਦੇ ਦੋਹਾਂ ਵੱਡੇ ਸ਼ਹਿਰਾਂ ਯਾਨੀ ਕੈਲਗਰੀ ਅਤੇ ਐਡਮਿੰਟਨ ਵਿਚਾਲੇ ਹਾਈ ਸਪੀਡ ਰੇਲ ਸੇਵਾ ਸ਼ੁਰੂ ਕੀਤੀ ਜਾਵੇਗੀ। ਪ੍ਰੀਮੀਅਰ ਨੇ ਆਖਿਆ ਕਿ ਸੂਬੇ ਦੀ ਤੇਜ਼ੀ ਨਾਲ ਵੱਧ ਰਹੀ ਜਨਸੰਖਿਆ ਦੇ ਮੱਦੇ ਨਜ਼ਰ ਟਰਾਂਸਪੋਰਟੇਸ਼ਨ ਸੇਵਾਵਾਂ ਨੂੰ ਵਧਾਉਣ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ। ਉਹਨਾਂ ਆਖਿਆ ਕਿ ਇਹਨਾਂ ਰੇਲ ਸੇਵਾਵਾਂ ਦੇ ਨਾਲ ਟੂਰਿਜ਼ਮ ਸੈਕਟਰ ਵਿੱਚ ਵੀ ਵੱਡਾ ਵਾਧਾ ਹੋਵੇਗਾ।

# ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਨਗਰ ਕੀਰਤਨ ਮੌਕੇ ਸਿੱਖ ਭਾਈਚਾਰੇ ਨੂੰ ਭਰੋਸਾ ਦੁਆਇਆ ਕਿ ਉਨ੍ਹਾਂ ਦੇ ਹੱਕਾਂ ਅਤੇ ਆਜ਼ਾਦੀ ਲਈ ਹਮੇਸ਼ਾ ਖੜ੍ਹੇ ਰਹਿਣਗੇ



ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਟੋਰਾਂਟੋ ਵਿੱਚ ਖਾਲਸਾ ਦਿਵਸ ਮਨਾਇਆ ਗਿਆ, ਇਸ ਮੌਕੇ ਸਲਾਨਾ ਖਾਲਸਾ ਡੇਅ ਪਰੇਡ ਕੱਢੀ ਗਈ ਜਿਸ ਵਿੱਚ ਸਿੱਖ ਭਾਈਚਾਰੇ ਦੇ ਹਜ਼ਾਰਾਂ ਲੋਕਾਂ ਨੇ ਹਿੱਸਾ ਲਿਆ। ਇਸ ਮੌਕੇ ਗਤਕੇ ਦੀ ਜੌਹਰ ਵੀ ਦਿਖਾਏ ਗਏ ਅਤੇ ਮੋਟਰ ਸਾਈਕਲ ਰੈਲੀ ਵੀ ਕੱਢੀ ਗਈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੋਂ ਇਲਾਵਾ ਗ੍ਰੇਟਰ ਟੋਰਾਂਟੋ ਦੇ ਕਈ ਮੇਅਰ,ਪਾਰਲੀਮੈਂਟ ਮੈਂਬਰ ਅਤੇ ਐਮ ਪੀ ਪੀ ਵੀ ਸ਼ਾਮਲ ਹੋਏ, ਜਿਨ੍ਹਾਂ ਨੇ ਇੱਥੇ ਸਿੱਖ ਭਾਈਚਾਰੇ ਨੂੰ ਸੰਬੋਧਨ ਕੀਤਾ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਸ ਮੌਕੇ ਸਿੱਖ ਭਾਈਚਾਰੇ ਨੂੰ ਭਰੋਸਾ ਦੁਆਇਆ ਕਿ ਉਨ੍ਹਾਂ ਦੇ ਹੱਕਾਂ ਅਤੇ ਆਜ਼ਾਦੀ ਲਈ ਹਮੇਸ਼ਾ ਖੜ੍ਹੇ ਰਹਿਣਗੇ। ਉਨਾਂ ਸਿੱਖ ਭਾਈਚਾਰੇ ਵੱਲੋਂ ਹਰੇਕ ਖ਼ੇਤਰ ਵਿਚ ਪਾਏ ਯੋਗਦਾਨ ਦਾ ਵਿਸ਼ੇਸ਼ ਤੌਰ ਤੇ ਜ਼ਿਕਰ ਕੀਤਾ। ਕਿਹਾ ਕਿ ਉਹ ਭਾਰਤ ਸਰਕਾਰ ਨਾਲ ਭਾਰਤ ਤੇ ਕੈਨੇਡਾ ਵਿੱਚ ਹੋਰ ਫਲਾਈਟਾਂ ਵਧਾਉਣ ਲਈ ਗੱਲਬਾਤ ਕੀਤੀ ਗਈ ਹੈ ਅਤੇ ਇਸ ਤੋਂ ਇਲਾਵਾ ਅੰਮ੍ਰਿਤਸਰ ਲਈ ਹੋਰ ਉਡਾਨਾਂ ਵੱਲ ਵੀ ਵੱਧ ਧਿਆਨ ਦਿੱਤਾ ਜਾਵੇਗਾ।

Barinder Ubhi
Realtor
C (204)807-5013
E babbu_ubhi@yahoo.com
WIN MAX REAL ESTATE LTD
10- 998 Keewatin St.
Winnipeg, MB, R2R 2V1
P:(204) 905-9798

# ਕੈਨੇਡਾ ’ਚ ਕੌਮਾਂਤਰੀ ਵਿਦਿਆਰਥੀ ਹ਼ਫਤੇ ’ਚ 24 ਘੰਟੇ ਹੀ ਕਰ ਸਕਣਗੇ ਕੰਮ, ਨਵਾਂ ਨਿਯਮ ਸਤੰਬਰ ਤੋਂ ਲਾਗੂ



ਓਟਵਾ ( ਪੰਜਾਬੀ ਅਖਬਾਰ ਬਿਊਰੋ)- ਕੈਨੇਡਾ ਸਰਕਾਰ ਨੇ ਭਾਰਤ ਸਣੇ ਸਾਰੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਨਵਾਂ ਨਿਯਮ ਬਣਾਇਆ ਹੈ। ਇਸ ਨਿਯਮ ਤਹਿਤ ਹੁਣ ਅੰਤਰਰਾਸ਼ਟਰੀ ਵਿਦਿਆਰਥੀ ਹਫ਼ਤੇ ਵਿੱਚ ਸਿਰਫ 24 ਘੰਟੇ ਕਾਲਜ ਕੈਂਪਸ ਤੋਂ ਬਾਹਰ ਕੰਮ ਕਰ ਸਕਦੇ ਹਨ। ਇਹ ਨਿਯਮ ਸਤੰਬਰ ਤੋਂ ਲਾਗੂ ਹੋ ਰਿਹਾ ਹੈ। ਪਹਿਲਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ 20 ਘੰਟਿਆਂ ਤੋਂ ਵੱਧ ਸਮੇਂ ਲਈ ਕੈਂਪਸ ਤੋਂ ਬਾਹਰ ਕੰਮ ਕਰਨ ਦੀ ਇਜਾਜ਼ਤ ਸੀ। ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਮੰਤਰੀ ਮਾਰਕ ਮਿਲਰ ਨੇ ਕਿਹਾ, ‘ਵਿਦਿਆਰਥੀਆਂ ਨੂੰ ਕੈਂਪਸ ਤੋਂ ਬਾਹਰ ਹਰ ਹਫ਼ਤੇ 20 ਘੰਟੇ ਤੋਂ ਵੱਧ ਕੰਮ ਕਰਨ ਦੀ ਇਜਾਜ਼ਤ ਦੇਣ ਵਾਲੀ ਅਸਥਾਈ ਨੀਤੀ 30 ਅਪਰੈਲ ਨੂੰ ਖਤਮ ਹੋ ਗਈ ਹੈ। ਇਸ ਨੂੰ ਅੱਗੇ ਨਹੀਂ ਵਧਾਇਆ ਜਾਵੇਗਾ। ਸਾਡਾ ਉਦੇਸ਼ ਵਿਦਿਆਰਥੀਆਂ ਦੇ ਕੈਂਪਸ ਤੋਂ ਬਾਹਰ ਕੰਮ ਕਰਨ ਦੇ ਘੰਟਿਆਂ ਦੀ ਗਿਣਤੀ ਨੂੰ ਹਫ਼ਤੇ ਵਿੱਚ 24 ਘੰਟੇ ਤੱਕ ਲਿਆਉਣਾ ਹੈ ਤਾਂ ਜੋ ਉਹ ਆਪਣੀ ਪੜ੍ਹਾਈ ਵੱਲ ਜ਼ਿਆਦਾ ਧਿਆਨ ਕੇਂਦਰਤ ਕਰ ਸਕਣ।’

Always Fresh
Always Delicious
OPEN
11am - Midnight
ਪਹਿਲੀ ਅਤੇ ਆਖਰੀ ਬਾਈਟ ਦੀ ਤਸੱਲੀ ਦਾ ਨਾਂ ਹੀ ਪੀਜ਼ਾ ਬਾਈਟ ਐ !
Pizza Bite
Perfect place for Perfect taste
Authentic Indian Curry and Sweet House
• Pizza and Indian Food
• Indian Sweets
• Tiffin Service
• Catering
Pizzabite saskatoon
Pizza Bite
www.pizzabite.ca
Call - (306)954-0011 , (306)-954-0077
#2 606 22nd St West Saskatoon , SK.

PANGEA IMMIGRATION
ਕਨੇਡਾ ਪੱਕੇ ਹੋਣ ਦਾ ਰਾਹ, ਪੈਨਜੀਆ ਇਮੀਗ੍ਰੇਸ਼ਨ ਵਾਲਿਆਂ ਦੀ ਸਲਾਹ
Contact Us For All Your Immigration Needs
RCIC-IRB Regulated Canadian Immigration Consultant
• Student Visa • Work permit • Visitor Visa • LMIA • PR Application
• Refugee Cases and Appeals • PNP Family Sponsorship • Citizenship • Nanny Caregiver • USA Visa
Raman Dhaliwal (RCIC-IRB)
Commissioner for oaths in and for Alberta
Member of CAPIC
Cell: +1 403-672-1313
Office: +1 403-401-5911
Email: info@pangeaimmigration.ca
Website: www.pangeaimmigration.ca
Green Plaza Unit 232, 4818 Westwinds Dr NE Calgary AB T3J 3Z5

Need an expert advice to find the mortgage that's right for you !
New to Canada
Purchase
Refinance
Home line of credit
Rental
Life insurance
VINE GROUP MORTGAGE BROKERAGE
Raj Mudhar
Mortgage Advisor
204.963.9481
raj.mudhar@vinegroup.ca

Amrit Singh Kang
Mortgage Expert
Call Me For All Your Mortgage Needs
ਮੰਨ ਗਏ ਤੁਹਾਡੀ ਘਰ ਦੀ ਪਸੰਦ ਨੂੰ
ਹੁਣ ਮਾਰਗੇਜ ਲਈ ਕਾਲ ਕਰੋ ਕੰਗ ਨੂੰ
204-218-3852
Just4kang@gmail.com

CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

SARDAR SUPER MARKET
ਸਰਦਾਰ ਸੁਪਰ ਮਾਰਕੀਟ
ਸਸਤੀ ਅਤੇ ਸਿਹਤਮੰਦ ਵਰਾਇਟੀ ਵਾਲਾ ਗਰੌਸਰੀ ਸਟੋਰ
204 416 0999
E1-55 Waterford Green Commons, Winnipeg (MB) R2R 0Z9

Buta Singh Dhillon
Sales Associates
ਘਰ ਖਰੀਦਣ ਜਾਂ ਵੇਚਣ ਲਈ ਤਜ਼ਰਬੇਕਾਰ ਅਤੇ ਭਰੋਸੇਯੋਗ ਨਾਂ
we are RE/MAX executives realty
Each office independently owned & operated
Cell:204.880.6600
Office:204.987.9800
butadhillon@remax.net www.remax.ca

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016


SHORY LAW
Est. 1998
NO CLIENT IS TOO SMALL, NO MATTER TOO BIG
FOLLOW US @SHORYLAW
WWW.SHORYLAW.COM
• IMMIGRATION LAW
• CRIMINAL LAW
• FAMILY LAW
• REAL ESTATE LAW
• CIVIL LITIGATION
ਕਨੇਡੀਅਨ ਸਰਕਾਰ ਵਿੱਚ ਦੋ ਵਾਰ ਐਮ ਪੀ ਅਤੇ ਇੰਮੀਗ੍ਰੇਸ਼ਨ ਕਮੇਟੀ ਦੇ ਮੈਂਬਰ ਰਹੇ ਦਵਿੰਦਰ ਸ਼ੋਰੀ ਕੋਲੋਂ ਸੇਵਾਵਾਂ ਲੈਣ ਲਈ ਸੰਪਰਕ ਕਰੋ
403-216- 1199
CONTACT@SHORYLAW.COM
220-4851 WESTWINDS DRIVE NE CALGARY, AB T3J 4L4




# ਅਲਬਰਟਾ ਦੇ ਸਭ ਤੋਂ ਵਧੀਆ ਸਹਿਰਾਂ ਵਿੱਚੋਂ ਇੱਕ ਚੈਸਟਰਮੀਅਰ ਸ਼ਹਿਰ ਵਿਖੇ ਲੋਕਾਂ ਦੀ ਪਹਿਲੀ ਪਸੰਦ Chelsea ਕਮਿਓਨਿਟੀ ਵਿੱਚ

# ਮਹਿਲਾਂ ਵਰਗੇ ਘਰ ਅੰਦਰ ਰਹਿਣ ਦਾ ਸੁਪਨਾ ਪੂਰਾ ਕਰੋ








## ਸਭ ਤੋਂ ਵੱਡੀਆਂ ਇਸਟੇਟ ਲਾਟਾਂ ਵਿੱਚੋਂ ਇੱਕ ਲਾਟ ਉੱਪਰ ਬਣਿਆ ਤੁਹਾਡੇ ਸੁਪਨਿਆਂ ਦਾ ਘਰ ਵਿਕਾਊ ਹੈ








ਮੇਨ ਫਲੋਰ ਮਾਸਟਰ ਬੈੱਡਰੂਮ/ਆਫਿਸ,
2 ਮਾਸਟਰ ਬੈੱਡਰੂਮ ਸੈਕਿੰਡ ਫਲੋਰ
5 1/2 ਵਾਸ਼ਰੂਮ

## ਪਰੌਫੈਸ਼ਨਲੀ ਲੈਂਡਸਕੇਪਡ

## 7 ਰੂਮ, 3300+ SQFT

- ਫੁੱਲੀ ਫਨਿਸ਼ਡ ਵਾਕਆਊਟ ਬੇਸਮੈਂਟ
- 3 ਗੈਰਾਜ, ਅੱਪਗਰੇਡਿਡ ਫਿਨਿਸ਼ਿੰਗ, ਬਿਲਟਿਇਨਸ, ਐਪਲਾਂਇਸਸ
- ਬੈਕਯਾਰਡ ਖੁੱਲੀਆਂ ਗਰਾਊਂਡਾਂ ਨਾਲ ਲੱਗਦਾ ਹੈ



## ਕੀਮਤ ਸਿਰਫ: $1,430,000 ਡਾਲਰ

ਸੰਪਰਕ:
# ਸੁਖਬੀਰ ਸੰਧੂ
403-371-4000

eXp REALTY



ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

The Punjabi Newspaper
ਪੰਜਾਬੀਅਤ ਦਾ ਪਰਚਮ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000
Chief Editor : Harbans Buttar

ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

Vol: 11 No: 243 Website : www.punjabiakhbaar.ca Emaiĺ: editor@punjabiakhbaar.ca Friday, 3 May 2024

# ਐਨ ਡੀ ਪੀ ਲੀਡਰ ਜਗਮੀਤ ਸਿੰਘ ਬੱਜਟ ਸਬੰਧੀ ਵੋਟਿੰਗ ਬਾਰੇ ਹਾਲੇ ਦੁਚਿਤੀ ਵਿੱਚ ਹੈ



ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਐਨਡੀਪੀ ਤੇ ਲੀਡਰ ਜਗਮੀਤ ਸਿੰਘ ਅਨੁਸਾਰ ਉਹਨਾਂ ਦੀ ਪਾਰਟੀ ਨੇ ਅਜੇ ਫੈਸਲਾ ਨਹੀਂ ਕੀਤਾ ਕਿ ਉਹ ਬੀਤੇ ਦਿਨੀ ਪੇਸ਼ ਕੀਤੇ ਗਏ ਫੈਡਰਲ ਬਜਟ ਦੇ ਹੱਕ ਵਿੱਚ ਵੋਟ ਦੇਵੇਗਾ ਜਾਂ ਫਿਰ ਨਹੀਂ ਦੇਵੇਗਾ। ਐਨਡੀਪੀ ਨੇ ਆਪਣੀਆਂ ਕੁੱਝ ਸ਼ਰਤਾਂ ਤੇ ਕਾਰਵਾਈ ਦੇ ਬਦਲੇ ਭਰੋਸਗੀ ਅਤੇ ਬਜਟ ਦੀਆਂ ਵੋਟਾਂ ਤੇ ਸੱਤਾਧਾਰੀ ਲਿਬਰਲ ਪਾਰਟੀ ਨੂੰ ਸਮਰਥਨ ਦੇਣ ਦਾ ਸਮਝੌਤਾ ਕੀਤਾ ਹੋਇਆ ਹੈ। ਇਹ ਸਮਝੌਤਾ ਅਗਲੇ ਸਾਲ ਦੇ ਜੂਨ ਤੱਕ ਚੱਲੇਗਾ। ਪਰ ਜਗਮੀਤ ਸਿੰਘ ਨੇ ਫਿਲਹਾਲ ਇਸ ਮੁੱਦੇ ਤੇ ਕੁੱਝ ਨਹੀਂ ਕਿਹਾ ਕਿ ਉਹ ਲਿਬਰਲਾਂ ਦੇ ਤਾਜ਼ਾ ਬਜਟ ਦਾ ਸਮਰਥਨ ਕਰਦੇ ਹਨ ਜਾਂ ਫਿਰ ਨਹੀਂ। ਜਗਮੀਤ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਅਸੀਂ ਅਜੇ ਇਹ ਫੈਸਲਾ ਬਿਲਕੁਲ ਵੀ ਨਹੀਂ ਕੀਤਾ ਹੈ। ਬਜਟ ਵਿੱਚ ਉਹ ਚੀਜ਼ਾਂ ਸ਼ਾਮਿਲ ਹਨ ਜਿਨਾਂ ਦੀ ਐਨਡੀਪੀ ਦੁਆਰਾ ਮੰਗ ਕੀਤੀ ਜਾ ਰਹੀ ਸੀ ਇਸ ਵਿੱਚ ਰਾਸ਼ਟਰੀ ਫਾਰਮਾਕੇਅਰ ਪ੍ਰੋਗਰਾਮ ਲਈ ਫੰਡਿੰਗ ਅਤੇ ਸਕੂਲ ਲੰਚ ਪ੍ਰੋਗਰਾਮ ਸ਼ਾਮਿਲ ਕੀਤੇ ਗਏ ਹਨ। ਪਰ ਜਗਮੀਤ ਸਿੰਘ ਨੇ ਕਿਹਾ ਹੈ ਕਿ ਉਹਨਾਂ ਨੇ ਰਾਸ਼ਟਰੀ ਅਪੰਗਤਾ ਲਾਭ ਭਾਵ ਕਿ ਨੈਸ਼ਨਲ ਡਿਸਬਿਲਿਟੀ ਬੈਨੀਫਿਟ ਲਈ ਫੰਡਿੰਗ ਨੂੰ ਮੈਂ ਕਾਫੀ ਆਖਿਆ ਹੈ। ਉਹਨਾਂ ਕਿਹਾ ਕਿ ਅਸੀਂ ਕੋਈ ਫੈਸਲਾ ਲੈਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਅਤੇ ਲਿਬਰਲਾਂ ਤੋਂ ਇਹ ਸੁਣਨਾ ਹੈ ਕਿ ਸਾਡੀਆਂ ਚਿੰਤਾਵਾਂ ਪ੍ਰਤੀ ਉਹਨਾਂ ਦਾ ਅਖਿਰੀ ਜਵਾਬ ਕੀ ਹੈ।

# ਸਰਕਾਰ ਦਾ ਧਿਆਨ ਖਿੱਚਣ ਲਈ ਗਰੋਸਰੀ ਸਟੋਰਾਂ ਦੇ ਬਾਈਕਾਟ ਦਾ ਐਲਾਨ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਭਰ ਵਿੱਚ ਲੋਕ ਗਰੋਸਰੀ ਦੀਆਂ ਲਗਾਤਾਰ ਵੱਧ ਰਹੀਆਂ ਕੀਮਤਾਂ ਤੋਂ ਬੇਹਦ ਜਿਆਦਾ ਪਰੇਸ਼ਾਨ ਹੋ ਚੁੱਕੇ ਹਨ ਜਿਸ ਕਾਰਨ ਹੁਣ ਲੋਕਾਂ ਵੱਲੋਂ Loblaw ਕੰਪਨੀ ਦੀ ਮਾਲਕੀ ਵਾਲੇ ਸਟੋਰਾਂ ਦਾ ਮਈ ਮਹੀਨੇ ਵਿੱਚ ਬਾਈਕਾਟ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ ਅਤੇ ਇਸ ਦੀ ਥਾਂ ਤੇ ਹੋਰਨਾਂ ਸਟੋਰਾਂ ਤੋਂ ਖਰੀਦਦਾਰੀ ਕਰਨ ਵੱਲ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ। ਬਲਅੱ ਖਿਲਾਫ ਆਨਲਾਈਨ ਸ਼ੁਰੂ ਕੀਤੀ ਗਈ ਇਸ ਮੁਹਿੰਮ ਵਿੱਚ ਹਜ਼ਾਰਾਂ ਲੋਕ ਜੁੜ ਰਹੇ ਹਨ ਤੇ ਉਹਨਾਂ ਵੱਲੋਂ ਆਖਿਆ ਜਾ ਰਿਹਾ ਹੈ। ਕਿ ਉਹ ਮਈ ਵਿੱਚ Loblaw ਦੇ ਸਟੋਰਾਂ ਦਾ ਬਾਈਕਾਟ ਕਰਨਗੇ।ਇਸ ਬਾਈਕਾਟ ਦੇ ਪ੍ਰਬੰਧਕਾਂ ਵਿੱਚੋਂ ਇੱਕ ਐਮਲੀ ਜੋਨਸਨ ਜੋ ਕਿ ਮੈਂਟਲ ਹੈਲਥ ਅਤੇ ਅਡਿਕਸ਼ਨ ਵਰਕਰ ਹੈ ਨੇ ਆਖਿਆ ਕਿ ਅਸੀਂ ਹੁਣ ਹੋਰ ਪਰੇਸ਼ਾਨੀ ਨਹੀਂ ਸਹਿ ਸਕਦੇ ਇਸ ਸਬੰਧੀ ਸੋਸ਼ਲ ਮੀਡੀਆ ਤੇ ਤਿਆਰ ਕੀਤੇ ਗਏ ਪੇਜ ਉੱਪਰ ਹੁਣ ਤੱਕ 56 ਹਜਾਰ ਤੋਂ ਜਿਆਦਾ ਮੈਂਬਰ ਜੁੜ ਚੁੱਕੇ ਹਨ ਹਾਲਾਂਕਿ ਇਸ ਬਾਰੇ ਇਹ ਦੱਸਣਾ ਮੁਸ਼ਕਿਲ ਹੈ ਕਿ ਇਸ ਬਾਈਕਾਟ ਵਿੱਚ ਕਿੰਨੇ ਲੋਕ ਸ਼ਾਮਿਲ ਹੋਣਗੇ ਪਰ ਜ਼ਿਆਦਾਤਰ ਲੋਕਾਂ ਨੇ ਆਖਿਆ ਹੈ ਕਿ ਉਹ ਇਸ ਬਾਈਕਾਟ ਵਿੱਚ ਸ਼ਾਮਿਲ ਹੋਣਗੇ ਜੋਨਸਨ ਨੇ ਆਖਿਆ ਕਿ ਉਹਨਾਂ ਨੂੰ ਉਮੀਦ ਹੈ ਕਿ ਇਸ ਬਾਈਕਾਟ ਦੇ ਨਾਲ ਜਿੱਥੇ ਲੋਕ ਜਾਗਰੂਕ ਹੋਣਗੇ, ਉਥੇ ਸਰਕਾਰ ਦਾ ਧਿਆਨ ਵੀ ਇਸ ਮਾਮਲੇ ਵੱਲ ਖਿੱਚਿਆ ਜਾਵੇਗਾ। ਮਿਸੀਸਾਗਾ ਦੇ ਵਸਨੀਕ ਰਾਹੁਲ ਮਹਿਤਾ ਨੇ ਆਖਿਆ ਕਿ ਉਹ ਪਹਿਲਾਂ ਹੀ Loblaw ਦੀ ਮਾਲਕੀ ਵਾਲੇ ਸਟੋਰਾਂ ਤੋਂ ਖਰੀਦਦਾਰੀ ਵਿੱਚ ਵੱਡੀ ਕਟੌਤੀ ਕਰ ਚੁੱਕੇ ਹਨ ਅਤੇ ਉਹ ਮਈ ਵਿੱਚ ਇਸ ਕੰਪਨੀ ਦਾ ਪੂਰੀ ਤਰ੍ਹਾਂ ਬਾਈਕਾਟ ਕਰਨ ਦੀ ਯੋਜਨਾ ਬਣਾ ਚੁੱਕੇ ਹਨ।












































# ਸਿਹਤ ਲਈ ਹਾਨੀਕਾਰਕ ਵਾਲੀ ਚੇਤਾਵਨੀ ਹੁਣ ਹਰ ਸਿਗਰਟ ਉੱਪਰ ਛਪੇਗੀ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਉਹ ਲੋਕ ਜੋ ਸਿਗਰੇਟ ਨੋਸ਼ੀ ਕਰਦੇ ਹਨ ਨੂੰ ਹੁਣ ਉਹਨਾਂ ਦੀਆਂ ਸਿਗਰਟ ਵਾਲੀਆਂ ਡੱਬੀਆਂ ਤੇ ਹੀ ਨਹੀਂ ਬਲਕਿ ਹਰੇਕ ਸਿਗਰਟ ਉਪਰ ਸਿਗਰਟ ਪੀਣ ਨਾਲ ਹੋਣ ਵਾਲੇ ਨੁਕਸਾਨ ਦੀ ਚੇਤਾਵਨੀ ਛਪੀ ਹੋਈ ਨਜ਼ਰ ਆਵੇਗੀ ਅਸਲ ਵਿੱਚ ਕੈਨੇਡਾ ਸਰਕਾਰ ਵੱਲੋਂ ਇਸ ਸਬੰਧੀ ਪਹਿਲਾਂ ਹੀ ਐਲਾਨ ਕੀਤਾ ਗਿਆ ਸੀ ਕਿ ਕੈਨੇਡਾ ਵਿੱਚ ਹਰੇਕ ਸਿਗਰਟ ਉੱਪਰ ਚੇਤਾਵਨੀ ਨਸ਼ਰ ਕੀਤੀ ਜਾਵੇਗੀ। ਇਸ ਲਈ ਕੈਨੇਡਾ ਸਰਕਾਰ ਵੱਲੋਂ ਤੰਬਾਕੂ ਕੰਪਨੀਆਂ ਨੂੰ 30 ਅਪ੍ਰੈਲ ਤੱਕ ਦਾ ਸਮਾਂ ਦਿੱਤਾ ਗਿਆ ਸੀ ਕਿ ਉਹ ਕਿੰਗ ਸਾਈਜ਼ ਦੀਆਂ ਸਿਗਰੇਟਾਂ ਉੱਪਰ ਇਹਨਾਂ ਨਵੀਆਂ ਚੇਤਾਵਨੀਆਂ ਨੂੰ ਪ੍ਰਿੰਟ ਕਰੇ। ਰਿਟੇਲਰਜ਼ ਨੂੰ ਹੁਣ ਤਿੰਨ ਮਹੀਨੇ ਦਾ ਵਾਧੂ ਸਮਾਂ ਦਿੱਤਾ ਗਿਆ ਹੈ ਅਤੇ 31 ਜੁਲਾਈ ਤੱਕ ਇਹ ਨਿਯਮ ਲਾਗੂ ਹੋ ਜਾਵੇਗਾ। ਵਰਨਣਯੋਗ ਹੈ ਕਿ ਸ਼ੁਰੂ ਵਿਚ ਰੈਗੂਲਰ ਸਾਈਜ਼ ਦੀਆਂ ਸਿਗਰਟ ਉੱਪਰ ਜੋ ਕਿ 70 ਤੋਂ 73 ਮਿਲੀਮੀਟਰ ਦੀ ਲੰਬਾਈ ਦੀਆਂ ਹੁੰਦੀਆਂ ਹਨ ਉੱਪਰ ਇਹ ਚੇਤਾਵਨੀਆਂ ਛਪਣੀਆਂ ਸ਼ੁਰੂ ਹੋ ਜਾਣਗੀਆਂ ਅਤੇ ਅਗਲੇ ਸਾਲ ਤੱਕ ਬਾਕੀ ਸਾਈਜ਼ ਦੀਆਂ ਸਿਗਰਟਾਂ ਉੱਪਰ ਵੀ ਇਹ ਚੇਤਾਵਨੀਆਂ ਨਜ਼ਰ ਆਉਣੀਆਂ ਸ਼ੁਰੂ ਹੋਣਗੀਆਂ । ਕਨੇਡੀਅਨ ਕੈਂਸਰ ਸੁਸਾਇਟੀ ਵੱਲੋਂ ਆਖਿਆ ਗਿਆ ਹੈ ਕਿ ਕਿੰਗ ਸਾਈਜ਼ ਸਿਗਰਟ ਸਭ ਤੋਂ ਜਿਆਦਾ ਵਿਕਣ ਵਾਲੀ ਸਿਗਰਟ ਹੈ। ਲਿਖਤੀ ਚੇਤਾਵਨੀ ਤੋਂ ਇਲਾਵਾ ਸਰਕਾਰ ਵੱਲੋਂ ਸਿਗਰਟ ਨਾਲ ਪੈਦਾ ਹੋਣ ਵਾਲੇ ਖ਼ਤਰਿਆਂ ਸਬੰਧੀ 14 ਨਵੀਆਂ ਤਸਵੀਰਾਂ ਵੀ ਜਾਰੀ ਕੀਤੀਆਂ ਗਈਆਂ ਹਨ ਜੋ ਇਸ ਮਹੀਨੇ ਤੋਂ ਸਿਗਰਟਾਂ ਦੀਆਂ ਡੱਬੀਆਂ ਉੱਪਰ ਛਪਣੀਆਂ ਸ਼ੁਰੂ ਹੋ ਗਈਆਂ ਹਨ ਇਸ ਸਬੰਧੀ ਸਰਕਾਰ ਨੇ ਸਿਗਰਟ ਬਣਾਉਣ ਵਾਲੀਆਂ ਕੰਪਨੀਆਂ ਨੂੰ ਇਸ ਸਾਲ 31 ਜਨਵਰੀ ਤੱਕ ਦਾ ਸਮਾਂ ਦਿੱਤਾ ਸੀ।

# ਬੀ ਸੀ ਵਿੱਚ ਵਾਪਰੀਆਂ ਦੋ ਘਟਨਾਵਾਂ ਵਿੱਚ ਇੱਕ ਪੰਜਾਬੀ ਨੌਜਵਾਨ ਦੀ ਮੌਤ ਅਤੇ ਇੱਕ ਗੰਭੀਰ ਜ਼ਖ਼ਮੀ ਹੋਇਆ

ਸਰੀ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਤਿੰਨ ਦਿਨਾਂ ਵਿੱਚ ਵਾਈਟ ਰੌਕ, ਸਰੀ ਵਿਖੇ ਵਾਪਰੀਆਂ ਦੋ ਘਟਨਾਵਾਂ ਵਿੱਚ ਇੱਕ ਪੰਜਾਬੀ ਨੌਜਵਾਨ ਦੀ ਮੌਤ ਹੋ ਗਈ ਅਤੇ ਦੂਸਰਾ ਪੰਜਾਬੀ ਨੌਜਵਾਨ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। 21 ਅਪ੍ਰੈਲ ਅਤੇ 23 ਅਪ੍ਰੈਲ ਨੂੰ ਹੋਈਆਂ ਦੋਵੇਂ ਵਾਰਦਾਤਾਂ ਦਾ ਸ਼ੱਕੀ ਹਮਲਾਵਰ ਇੱਕ ਲੰਬਾ ਕਾਲਾ ਆਦਮੀ ਦੱਸਿਆ ਜਾਂਦਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪਹਿਲੀ ਘਟਨਾ 21 ਅਪ੍ਰੈਲ ਐਤਵਾਰ ਦੀ ਰਾਤ ਨੂੰ ਵਾਪਰੀ ਜਦੋਂ ਇੱਕ ਅਣਪਛਾਤੇ ਹਮਲਾਵਰ ਵੱਲੋਂ ਕੀਤੇ ਗਏ ਹਮਲੇ ਵਿੱਚ ਇੱਕ ਨੌਜਵਾਨ ਜ਼ਖ਼ਮੀ ਹੋ ਗਿਆ ਅਤੇ ਉਹ ਗੰਭੀਰ ਹਾਲਤ ਵਿੱਚ ਹਸਪਤਾਲ ਵਿੱਚ ਦਾਖਲ ਹੈ। 23 ਅਪ੍ਰੈਲ ਮੰਗਲਵਾਰ ਦੀ ਰਾਤ ਨੂੰ ਇੱਕ ਅਣਪਛਾਤੇ ਹਮਲਾਵਰ ਵੱਲੋਂ ਵਾਈਟਰੌਕ ਬੀਚ ਦੇ ਇੱਕ ਬੈਂਚ ਉਪਰ ਬੈਠੇ ਨੌਜਵਾਨ ਉਪਰ ਚਾਕੂ ਨਾਲ ਹਮਲਾ ਕੀਤਾ ਗਿਆ। ਹਮਲਾ ਐਨਾ ਜਿਆਦਾ ਘਾਤਕ ਸੀ ਕਿ ਉਸ ਨੂੰ ਬਚਾਇਆ ਨਾ ਜਾ ਸਕਿਆ। 21 ਅਪ੍ਰੈਲ ਐਤਵਾਰ ਦੀ ਵਾਪਰੀ ਘਟਨਾ ਵਿੱਚ ਜ਼ਖ਼ਮੀ ਹੋਣ ਵਾਲੇ ਨੌਜਵਾਨ ਦੀ ਪਛਾਣ 28 ਸਾਲ ਜਤਿੰਦਰ ਸਿੰਘ ਵੱਜੋਂ ਦੱਸੀ ਗਈ ਹੈ। ਦੱਸਿਆ ਗਿਆ ਹੈ ਕਿ ਉਸ ਨੂੰ ਐਤਵਾਰ ਰਾਤ ਨੂੰ ਜਦੋਂ ਉਹ ਵਾਈਟ ਰੌਕ ਬੀਚ ਨੇੜੇ ਬੈਂਚ 'ਤੇ ਬੈਠਾ ਹੋਇਆ ਸੀ ਤਾਂ ਉਸ ਉਪਰ ਚਾਕੂ ਨਾਲ ਹਮਲਾ ਕੀਤਾ ਗਿਆ ਸੀ। ਉਸ ਦੇ ਦੋਸਤ ਬਿਕਰਮ ਸੰਧੂ ਦਾ ਕਹਿਣਾ ਹੈ ਕਿ ਜਤਿੰਦਰ ਸਿੰਘ ਨੂੰ ਹਸਪਤਾਲ ਤੋਂ ਛੁੱਟੀ ਮਿਲ ਗਈ ਹੈ ਪਰ ਉਸ ਦੇ ਜ਼ਖਮ ਬਹੁਤ ਗੰਭੀਰ ਹਨ, ਜਿਸ ਨੂੰ ਠੀਕ ਹੋਣ ਲਈ ਸਮਾਂ ਲੱਗੇਗਾ। ਜਤਿੰਦਰ ਸਿੰਘ ਕੋਲ ਮੈਡੀਕਲ ਕਵਰੇਜ ਨਹੀਂ ਹੈ ਅਤੇ ਉਹ ਹਸਪਤਾਲ ਦੇ ਵੱਡੇ ਬਿੱਲ ਨੂੰ ਲੈ ਕੇ ਚਿੰਤਤ ਹੈ। ਸੋਸ਼ਲ ਮੀਡੀਆ ਉਪਰ ਜਤਿੰਦਰ ਸਿੰਘ ਦੀ ਸਹਾਇਤਾ ਲਈ ਗੋਫੰਡ ਮੁਹਿੰਮ ਸ਼ੁਰੂ ਕੀਤੀ ਗਈ ਹੈ। 23 ਅਪ੍ਰੈਲ ਨੂੰ ਹਮਲੇ ਵਿਚ ਮਾਰੇ ਗਏ ਨੌਜਵਾਨ ਦੀ ਪਛਾਣ ਪੁਲਿਸ ਵੱਲੋਂ ਤਾਂ ਅਜੇ ਜਾਰੀ ਨਹੀ ਕੀਤੀ ਪਰ ਸੋਸ਼ਲ ਮੀਡੀਆ ਰਿਪੋਰਟਾਂ ਮੁਤਾਬਿਕ ਮਾਰੇ ਗਏ ਨੌਜਵਾਨ ਦੀ ਪਛਾਣ 28 ਸਾਲਾ ਕੁਲਵਿੰਦਰ ਸਿੰਘ ਸੋਹੀ ਦੱਸੀ ਗਈ ਹੈ। ਉਹ ਪਿੰਡ ਤੋਲੇਵਾਲ ਜ਼ਿਲਾ ਸੰਗਰੂਰ ਦੇ ਨਾਲ ਸਬੰਧਿਤ ਸੀ। ਪੁਲਿਸ ਅਨੁਸਾਰ 23 ਅਪ੍ਰੈਲ ਨੂੰ ਰਾਤ 9:30 ਵਜੇ ਤੋਂ ਥੋੜ੍ਹੀ ਦੇਰ ਪਹਿਲਾਂ ਮੈਰੀਨ ਡਰਾਈਵ ਦੇ 15400-ਬਲਾਕ ਵਿੱਚ ਛੁਰੇਬਾਜ਼ੀ ਕਾਰਨ ਇੱਕ ਵਿਅਕਤੀ ਦੇ ਜ਼ਖ਼ਮੀ ਹੋਣ ਦੀ ਸੂਚਨਾ ਪੁਲਿਸ ਨੂੰ ਮਿਲੀ ਸੀ। ਮੌਕੇ 'ਤੇ ਪੁਲਿਸ ਦੀ ਟੀਮ ਪੁੱਜੀ ਪਰ ਮੁੱਢਲੀ ਸਹਾਇਤਾ ਦੇਣ ਦੇ ਬਾਵਜੂਦ ਜ਼ਖ਼ਮੀ ਦੀ ਜਾਨ ਨਹੀ ਬਚਾਈ ਜਾ ਸਕੀ। ਪੁਲਿਸ ਨੂੰ ਸ਼ੱਕੀ ਹਮਲਾਵਰ ਦੀ ਤਲਾਸ਼ ਹੈ ਜਿਸ ਬਾਰੇ ਦੱਸਿਆ ਗਿਆ ਹੈ ਕਿ ਉਹ 5 ਫੁੱਟ 11 ਇੰਚ ਲੰਬਾ ਕਾਲਾ ਵਿਅਕਤੀ ਹੈ, ਜਿਸ ਨੇ ਟੋਪੀ ਅਤੇ ਸਲੇਟੀ ਰੰਗ ਦੀ ਹੂਡੀ ਪਾਈ ਹੋਈ ਹੈ। ਉਸ ਨੂੰ ਆਖਰੀ ਵਾਰ ਮਰੀਨ ਡਰਾਈਵ ਦੇ ਉੱਤਰ ਵੱਲ ਭੱਜਦਾ ਦੇਖਿਆ ਗਿਆ।

# ਕਨੇਡੀਅਨ ਮੈਡੀਕਲ ਐਸੋਸੀਏਸ਼ਨ ਅਨੁਸਾਰ ਟੈਕਸ ਤਬਦੀਲੀ ਨਾਲ ਡਾਕਟਰਾਂ ਲਈ ਵਿੱਤੀ ਦਬਾਵ ਵਧੇਗਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕਨੇਡੀਅਨ ਮੈਡੀਕਲ ਐਸੋਸੀਏਸ਼ਨ, ਫੈਡਰਲ ਸਰਕਾਰ ਨੂੰ ਪੂੰਜੀ ਲਾਭ ਟੈਕਸ ਪਾ ਕੇ ਕੈਪੀਟਲ ਗੇਨ ਟੈਕਸ ਵਿੱਚ ਪ੍ਰਸਤਾਵਿਤ ਤਬਦੀਲੀਆਂ ਤੇ ਮੁੜ ਵਿਚਾਰ ਕਰਨ ਲਈ ਕਹਿ ਰਹੀ ਹੈ। ਇਸ ਦੀ ਦਲੀਲ ਹੈ ਕਿ ਇਸ ਤਬਦੀਲੀ ਨਾਲ ਡਾਕਟਰਾਂ ਦੀ ਰਿਟਾਇਰਮੈਂਟ ਬਚਤ ਪ੍ਰਭਾਵਿਤ ਹੋਵੇਗੀ। ਐਸੋਸੀਏਸ਼ਨ ਦੀ ਪ੍ਰਧਾਨ ਦਾ ਕਹਿਣਾ ਹੈ ਕਿ ਸਾਡੇ ਬਹੁਤ ਸਾਰੇ ਡਾਕਟਰ ਕਾਰਪੋਰੇਸ਼ਨਾਂ ਤੇ ਕੰਮ ਕਰਦੇ ਹਨ ਅਤੇ ਆਪਣੀਆਂ ਕਾਰਪੋਰੇਸ਼ਨਾਂ ਦੇ ਅੰਦਰ ਰਿਟਾਇਰਮੈਂਟ ਲਈ ਨਿਵੇਸ਼ ਕਰਦੇ ਹਨ। ਐਸੋਸੀਏਸ਼ਨ ਦਾ ਕਹਿਣਾ ਹੈ ਕਿ ਇਸ ਨਾਲ ਡਾਕਟਰਾਂ ਲਈ ਵਿੱਤੀ ਦਬਾਵ ਵਧੇਗਾ ਜਿਨਾਂ ਕੋਲ ਨਿਰਭਰ ਹੋਣ ਲਈ ਪੈਨਸ਼ਨ ਨਹੀਂ ਹੈ। ਇਹ ਤਬਦੀਲੀ ਕੈਨੇਡਾ ਵਿੱਚ ਡਾਕਟਰਾਂ ਦੀ ਭਰਤੀ ਅਤੇ ਇਸ ਕਿੱਤੇ ਵਿੱਚ ਟਿਕੇ ਰਹਿਣ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ। ਕਨੇਡੀਅਨ ਮੈਡੀਕਲ ਐਸੋਸੀਏਸ਼ਨ ਟੈਕਸ ਤਬਦੀਲੀ ਦੇ ਵਿਰੁੱਧ ਸਾਹਮਣੇ ਆਉਣ ਵਾਲਾ ਸਮੂਹ ਹੈ। ਇਹ ਨਵੀਂ ਤਬਦੀਲੀ ਆਮੀਰ ਕਨੇਡੀਅਨ ਅਤੇ ਕਾਰੋਬਾਰ ਨੂੰ ਵੱਡੇ ਪੱਧਰ ਤੇ ਪ੍ਰਭਾਵਿਤ ਕਰ ਸਕਦੀ ਹੈ। ਪਿਛਲੇ ਹਫਤੇ ਪੇਸ਼ ਕੀਤੇ ਗਏ ਫੈਡਰਲ ਬਜਟ ਵਿੱਚ ਪੂੰਜੀ ਲਾਭ ਦੇ ਅੱਧੇ ਹਿੱਸੇ ਜਾਂ ਫਿਰ ਜਾਇਦਾਦ ਦੀ ਵਿਕਰੀ ਤੇ ਹੋਏ ਮੁਨਾਫੇ ਦੀ ਬਜਾਏ ਦੋ ਤਿਹਾਈ



ਟੈਕਸ ਲਾਉਣ ਦਾ ਪ੍ਰਸਤਾਵ ਸ਼ਾਮਿਲ ਹੈ। ਇਹ ਵਾਧਾ ਵਿਅਕਤੀਆਂ ਲਈ ਢਾਈ ਲੱਖ ਡਾਲਰ ਤੋਂ ਵੱਧ ਦੇ ਪੂੰਜੀ ਲਾਭਾਂ ਤੇ ਕਾਰਪੋਰੇਸ਼ਨ ਦੁਆਰਾ ਪ੍ਰਾਪਤ ਕੀਤੇ ਗਏ ਸਾਰੇ ਪੂੰਜੀ ਲਾਭਾਂ ਤੇ ਲਾਗੂ ਹੋਵੇਗਾ ਇਸ ਵਕਤ ਲਿਬਰਲ ਸਰਕਾਰ ਨੇ ਦਲੀਲ ਦਿੱਤੀ ਹੈ ਕਿ ਟੈਕਸ ਤਬਦੀਲੀ ਉਹਨਾਂ ਲੋਕਾਂ ਵਿੱਚਕਾਰ ਬਰਾਬਰਤਾ ਲਿਆਉਣ ਬਾਰੇ ਹੈ ਜੋ ਪੂੰਜੀ ਲਾਭ ਬਨਾਮ ਨੌਕਰੀ ਦੁਆਰਾ ਆਮਦਨ ਕਮਾਉਂਦੇ ਹਨ।















# ਜ਼ੁਲਮ ਦੇ ਖਿਲਾ.ਫ ਡਟ ਕੇ ਖੜਾਂਗੇ ਤਾਂ ਹੀ ਗੁਰੂ ਗੋਬਿੰਦ ਸਿੰਘ ਜੀ ਦੇ ਧੀਆਂ ਪੁੱਤਰ ਅਖਵਾਉਣ ਦੇ ਕਾਬਿਲ ਹੋਵਾਂਗੇ : ਬਰਾੜ




ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਵੁਮੇਨ ਕਲਚਰਲ ਐਸੋਸੀਏਸ਼ਨ ਦੀ ਅਪ੍ਰੈਲ ਮਹੀਨੇ ਦੀ ਮੀਟਿੰਗ ਜੈਨੇਸਜ਼ ਸੈਂਟਰ ਵਿਖੇ 45 ਕੁ ਭੈਣਾਂ ਦੀ ਭਰਵੀਂ ਹਾਜ਼ਰੀ ਨਾਲ ਹੋਈ।ਸਭਾ ਦੇ ਮੀਤ ਪ੍ਰਧਾਨ ਗੁਰਦੀਸ਼ ਕੌਰ ਗਰੇਵਾਲ ਜੀ ਨੇ ਅਪ੍ਰੈਲ ਮਹੀਨੇ ਦੇ ਇਤਿਹਾਸਕ ਦਿਹਾੜਿਆਂ ਬਾਰੇ ਚਾਨਣਾ ਪਾਇਆ।ਸਭਾ ਦੇ ਕੋਆਰਡੀਨੇਟਰ ਗੁਰਚਰਨ ਕੌਰ ਥਿੰਦ ਨੇ 'ਏਜ ਫਰੈਂਡਲੀ ਕੈਲਗਰੀ' ਵੱਲੋਂ ਸੀਨੀਅਰਜ਼ ਲਈ 'ਏਜ-ਇਨ-ਪਲੇਸ ਲੇਨਵੇ ਹਾਊਸਿੰਗ ਫਾਰ ਅਡਲਟਸ' ਪ੍ਰਾਜੈਕਟ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ 'ਨਾਰਥ ਆਫ ਮੈਕਨਾਈਟ ਕਮਿਊਨੀਟੀਜ਼ ਸੋਸਾਇਟੀ' ਵੱਲੋਂ ਮੈਂਟਲ ਹੈਲਥ ਸਬੰਧੀ ਕਰਵਾਏ ਜਾਣ ਵਾਲੇ ਪ੍ਰੋਗਰਾਮ ਬਾਰੇ ਸਾਂਝ ਪਾਈ। ਮਾਨਸਿਕ ਸਿਹਤ ਸਬੰਧੀ ਸੈਮੀਨਾਰ ਪ੍ਰਾਜੈਕਟ ਕੋਆਰਡੀਨੇਟਰ ਸ਼੍ਰੀ ਮਤੀ ਵੰਦਨਾ ਨੇ ਮਾਨਸਿਕ ਸਿਹਤ, ਇਸਦੇ ਮਹੱਤਵ ਅਤੇ ਮਾਨਸਿਕ ਸਿਹਤ ਨੂੰ ਤੰਦਰੁਸਤ ਰੱਖਣ ਬਾਰੇ ਜਾਣਕਾਰੀ ਦਿੰਦਿਆਂ ਰੁਝੇਵਿਆਂ ਵਿਚੋਂ ਆਪਣੀ ਮਾਨਸਿਕ ਸਿਹਤ ਲਈ ਕੁੱਝ ਸਮਾਂ ਜੋ ਕਿ ਕੇਵਲ 'ਮੀ ਟਾਈਮ' ਹੋਵੇ, ਰਾਖਵਾਂ ਰੱਖਣ ਬਾਰੇ ਆਖਿਆ ਕਿ 'ਉਹ ਸਮਾਂ ਤੁਸੀਂ ਕੇਵਲ ਹਰ ਪ੍ਰਕਾਰ ਦੀ ਚਿੰਤਾ ਤੋਂ ਮੁਕਤ ਆਪਣੇ ਆਪ ਨਾਲ ਬਿਤਾਓ, ਮੈਡੀਟੇਸ਼ਨ ਕਰੋ, ਲੰਮੇ ਤੇ ਡੂੰਘੇ ਸਾਹ ਲਓ ਜਾਂ ਆਪਣੀ ਦਿਲਚਸਪੀ ਵਾਲੀ ਐਕਟਿਵਟੀ ਕਰ ਕੇ ਮਨ ਪ੍ਰਸੰਨ ਰਖੋ।ਹਰਪਾਲ ਕੌਰ ਖਹਿਰਾ, ਨਰਿੰਦਰ ਸੈਣੀ, ਰੇਸ਼ਮ ਅਤੇ ਨਰਿੰਦਰ ਕੌਰ ਗਿੱਲ ਹੋਰਾਂ ਨੇ ਆਪਣੀ ਇੰਟਰੋਡਕਸ਼ਨ ਅਤੇ ਤਜਰਬਿਆਂ ਦੀ ਸਾਂਝ ਪਾਈ। ਸਭਾ ਦੇ ਪ੍ਰਧਾਨ ਬਲਵਿੰਦਰ ਕੌਰ ਬਰਾੜ ਨੇ ਸੰਨ 1699 ਦੇ ਵਿਸਾਖੀ ਦੇ ਦਿਹਾੜੇ ਖਾਲਸਾ ਪੰਥ ਦੀ ਸਥਾਪਨਾ ਦਾ ਵਰਨਣ ਕਰਦੇ ਕਿਹਾ ਕਿ ਜੇ ਅਸੀਂ ਜ਼ੁਲਮ ਦੇ ਖਿਲਾ.ਫ ਡਟ ਕੇ ਖੜਾਂਗੇ ਤਾਂ ਹੀ ਗੁਰੂ ਗੋਬਿੰਦ ਸਿੰਘ ਜੀ ਦੇ ਧੀਆਂ ਪੁੱਤਰ ਅਖਵਾਉਣ ਦੇ ਕਾਬਿਲ ਹੋਵਾਂਗੇ। ਚਰਨਜੀਤ ਕੌਰ ਬਾਜਵਾ, ਗੁਰਦੀਸ਼ ਕੌਰ ਗਰੇਵਾਲ, ਸੁਰਜੀਤ ਕੌਰ ਢਿਲੋਂ, ਗੁਰਨਾਮ ਕੌਰ, ਗੁਰਤੇਜ ਕੌਰ ਸਿੱਧੂ, ਸੁਰਿੰਦਰ ਕੌਰ ਬੈਨੀਪਾਲ, ਸਰਬਜੀਤ ਕੌਰ ਉੱਪਲ,ਜੁਗਿੰਦਰ ਪੁਰਬਾ, ਕੁਲਵੰਤ ਕੌਰ,ਗੁਰਦੇਵ ਕੌਰ ਬਰਾੜ ਅਤੇ ਅਮਰਜੀਤ ਵਿਰਦੀ ਨੇ ਮੰਚ ਉਪਰੋਂ ਰਚਨਾਵਾਂ ਨਾਲ ਹਾਜਿਰੀ ਲਗਵਾਈ।ਸਾਦਾਤ ਰੁਬੀਨਾ ਜੀ ਨੇ ਆਪਣੀ ਖੂਬਸੂਰਤ ਸ਼ਾਇਰੀ ਪੇਸ਼ ਕਰ ਸਭ ਦਾ ਮਨ ਮੋਹ ਲਿਆ। ਗੁਰਚਰਨ ਕੌਰ ਥਿੰਦ ਨੇ ਆਨਲਾਈਨ ਗਰੁੱਪ 'ਸਾਂਝਾ ਵਿਹੜਾ' ਦੀ ਮੁੱਖ ਪ੍ਰਬੰਧਕ, ਸਭਾ ਵਿੱਚ ਪਹਿਲੀ ਵਾਰ ਆਈ 'ਨੌਰੀਨ ਮੁਹੰਮਦ' ਨੂੰ ਜੀ ਆਇਆਂ ਆਖ 'ਸਾਂਝਾ ਵਿਹੜਾ ਗਰੁੱਪ' ਦੀਆਂ ਐਕਟਿਵੀਜ਼ ਬਾਰੇ ਜਾਣਕਾਰੀ ਦਿੱਤੀ।ਬਲਵਿੰਦਰ ਕੌਰ ਬਰਾੜ ਜੀ ਨੇ ਅੱਜ ਦੀ ਕਾਮਯਾਬ ਇਕੱਤਰਤਾ ਲਈ ਸਭ ਦਾ ਧੰਨਵਾਦ ਕਰ ਮੀਟਿੰਗ ਦੀ ਸਮਾਪਤੀ ਕਰ ਦਿੱਤੀ।

# ਅਲਬਰਟਾ ਦੇ ਮਾਈ ਰੇਡੀਓ ਉੱਪਰ ਕੈਨੇਡੀਅਨ ਫੁੱਟਬਾਲ ਲੀਗ ਦਾ ਪ੍ਰਸਾਰਣ ਹੁਣ ਪੰਜਾਬੀ ਵਿੱਚ ਹੋਵੇਗਾ-ਗੁਰਸ਼ਰਨ ਬੁੱਟਰ



ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਵਿੱਚ ਆਈਸ ਹਾਕੀ ਦੀ ਪੰਜਾਬੀ ਕੁਮੈਂਟਰੀ ਤਾਂ ਟੈਲੀਵੀਜਨ ਉੱਪਰ ਸਾਡੇ ਪੰਜਾਬੀ ਭਾਈਚਾਰੇ ਦੇ ਦੋ ਨੌਜਵਾਨ ਸ: ਹਰਨਰਾਇਣ ਸਿੰਘ ਅਤੇ ਸ: ਭੋਲਾ ਸਿੰਘ ਚੌਹਾਨ ਹੋਰਾਂ ਦੀ ਪੇਸ਼ਕਾਰੀ ਵੱਜੋਂ ਦੇਖਦੇ ਆਏ ਸਾਂ ਪਰ ਹੁਣ ਕੈਨੇਡੀਅਨ ਫੁੱਟਬਾਲ ਦੀ ਕੁਮੈਂਟਰੀ ਦਾ ਵੀ ਪੰਜਾਬੀ ਸਰੋਤੇ ਆਨੰਦ ਮਾਣ ਸਕਣਗੇ।ਐਡਮਿੰਟਨ ਐਲਕਸ ਗੇਮਜ਼ ਵੱਲੋਂ ਅਲਬਰਟਾ ਦੇ ਪੰਜਾਬੀ ਮਾਈ ਰੇਡੀਓ 580 ਨਾਲ ਪੰਜਾਬੀ ਪ੍ਰਸਾਰਣ ਲਈ ਇੱਕ ਸਮਝੌਤਾ ਕੀਤਾ ਗਿਆ। ਕਲੱਬ ਨੇ ਇਸ ਸੀਜ਼ਨ ਦੇ ਮੈਚਾਂ ਦਾ ਪੰਜਾਬੀ ਪ੍ਰਸਾਰਣ ਦਾ ਐਲਾਨ ਕਰਦਿਆਂ ਦੱਸਿਆ ਕਿ ਮਾਈ ਰੇਡੀਓ 580 ਦੁਆਰਾ ਪ੍ਰਸਾਰਿਤ ਕੀਤੀ ਜਾਣ ਵਾਲੀ ਪਹਿਲੀ ਗੇਮ ਐਲਕਸ ਦਾ 25 ਮਈ ਨੂੰ ਸਸਕੈਚਵਨ ਰਫਰਾਈਡਰਜ਼ ਵਿਰੁੱਧ ਪ੍ਰੀ ਸੀਜ਼ਨ ਮੈਚ ਤੋਂ ਆਰੰਭ ਹੋਵੇਗਾ।ਕਲੱਬ ਦੇ ਪ੍ਰਬੰਧਕਾਂ ਨੇ ਕਿਹਾ ਕਿ ਇੱਕ ਕਲੱਬ ਦੇ ਤੌਰ 'ਤੇ, ਅਸੀਂ ਨਵੇਂ ਪ੍ਰਸ਼ੰਸਕਾਂ ਤੇ ਖੇਡ ਪ੍ਰੇਮੀਆਂ ਤੱਕ ਪਹੁੰਚਣ ਦੇ ਤਰੀਕਿਆਂ ਦੀ ਭਾਲ ਵਿੱਚ ਹਾਂ ਜੋ ਐਡਮਿੰਟਨ ਐਲਕਸ, ਜਾਂ ਕੈਨੇਡੀਅਨ ਫੁੱਟਬਾਲ ਤੋਂ ਜਾਣੂ ਨਹੀਂ ਹਨ। ਸਾਡੇ ਲਈ ਇਸ ਖੇਡ ਨੂੰ ਨਵੇਂ ਪ੍ਰਸ਼ੰਸਕਾਂ ਤੱਕ ਲਿਜਾਕੇ ਫੁੱਟਬਾਲ ਪ੍ਰਤੀ ਪਿਆਰ ਪੈਦਾ ਕਰਨ ਦਾ ਵਧੀਆ ਮੌਕਾ ਹੈ। ਇਸ ਮੌਕੇ ਮਾਈ ਰੇਡੀਓ ਸਟੇਸ਼ਨ ਦੇ ਜਨਰਲ ਮੈਨੇਜਰ ਸ ਗੁਰਸ਼ਰਨ ਸਿੰਘ ਬੁੱਟਰ ਨੇ ਕਲੱਬ ਨਾਲ ਪ੍ਰਸਾਰਣ ਸਮਝੌਤੇ ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ "ਅਸੀਂ ਕੈਨੇਡੀਅਨ ਫੁੱਟਬਾਲ ਲੀਗ ਲਈ ਪੰਜਾਬੀ ਸਰੋਤਿਆਂ, ਫੁੱਟਬਾਲ ਪ੍ਰੇਮੀਆਂ ਵਿਚ ਇੱਕ ਵਿਸ਼ਵਵਿਆਪੀ ਦ੍ਰਿਸ਼ਟੀਕੋਣ ਲਿਆਉਣ ਦੇ ਯੋਗ ਹੋਣ ਲਈ ਬਹੁਤ ਉਤਸ਼ਾਹਿਤ ਹਾਂ। ਉਹਨਾਂ ਹੋਰ ਕਿਹਾ ਕਿ ਅਸੀਂ ਖੇਡਾਂ ਦੇ ਕੈਨੇਡੀਅਨ ਸੰਸਾਰ ਨੂੰ ਸਮਝਣ ਅਤੇ ਉਹਨਾਂ ਨਾਲ ਜੁੜਨ ਲਈ ਨਵੇਂ ਆਉਣ ਵਾਲੇ ਲੋਕਾਂ ਦੀ ਵਧਦੀ ਇੱਛਾ ਨੂੰ ਦੇਖਿਆ ਹੈ। ਅਸੀਂ ਮੁੱਖ ਧਾਰਾ ਦੇ ਖੇਡ ਕਵਰੇਜ ਵਿੱਚ ਵਧੇਰੇ ਨਸਲੀ ਵਿਭਿੰਨਤਾ ਅਤੇ ਪ੍ਰਤੀਨਿਧਤਾ ਲਿਆਉਣ ਦੀ ਉਮੀਦ ਕਰਦੇ ਹਾਂ।




# ਇੱਕਾ ਸੀਨੀਅਰ ਸੋਸਾਇਟੀ ਦੇ ਮੈਂਬਰਾਂ ਨੇ ਸੈਕਸੁਅਲ ਅਸਾਲਟ ਅਤੇ ਬੱਚਿਆਂ ਦੇ ਮਾਨਸਿਕ ਰੋਗਾਂ ਸਬੰਧੀ ਚਰਚਾ ਕੀਤੀ



ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਇੱਕਾ ਸੀਨੀਅਰ ਸਿਟੀਜਨ ਸੁਸਾਇਟੀ ਦੀ ਮੀਟਿੰਗ ਸੰਸਥਾ ਦੇ ਮੇਨ ਹਾਲ ਵਿੱਚ ਹੋਈ ਮੋਤਾ ਸਿੰਘ ਮਿਨਹਾਸ, ਬਿਕਰ ਸਿੰਘ ਸੰਧੂ ਅਤੇ ਸੱਤਪਾਲ ਕੌਸ਼ਲ ਦੀ ਪ੍ਰਧਾਨਗੀ ਹੇਠ ਹੋਈ। ਸੈਕਸੁਅਲ ਅਸਾਲਟ ਇੱਕ ਗੰਭੀਰ ਮਸਲਾ ਹੈ ਇਸ ਬਾਰੇ ਸਤਪਾਲ ਕੌਸ਼ਲ ਨੇ ਵਿਸਥਾਰ ਪੂਰਵਕ ਚਰਚਾ ਕੀਤੀ। ਉਹਨਾਂ ਸਕੂਲ ਪੱਧਰ ਤੋਂ ਲੈ ਕੇ ਘਰੇਲੂ ਪੱਧਰ ਦਾ ਖਾਸ ਵਰਨਣ ਕੀਤਾ। ਇਸ ਦੀ ਸਾਰਿਆਂ ਨੇ ਭਰਪੂਰ ਪ੍ਰਸੰਸਾ ਕੀਤੀ। ਸਰਬਜੀਤ ਰੰਧਾਵਾ ਨੇ ਧਰਮ ਨਿਰਪੱਖਤਾ ਬਾਰੇ ਕਵਿਤਾ ਸੁਣਾ ਕੇ ਆਪਣੀ ਹਾਜ਼ਰੀ ਲਵਾਈ ।ਉਹਨਾਂ ਸਭ ਧਰਮਾਂ ਦਾ ਸਤਿਕਾਰ ਕਰਨ ਤੇ ਜ਼ੋਰ ਦਿੱਤਾ। ਮੇਜਰ ਸਿੰਘ ਧਾਲੀਵਾਲ ਨੇ ਬੱਚਿਆਂ ਦੇ ਮਾਨਸਿਕ ਰੋਗਾਂ ਨੂੰ ਦੂਰ ਕਰਨ ਲਈ ਉਹਨਾਂ ਵਿੱਚ ਜਾਗਰੂਕਤਾ ਪੈਦਾ ਕਰਨ ਦੀ ਲੋੜ ਉੱਪਰ ਵਿਚਾਰ ਕਰਨ ਲਈ ਸੁਝਾ ਦਿੱਤਾ ਐ ਕਿਹਾ ਕਿ ਇਹ ਘਰੇਲੂ ਪੱਧਰ ਤੇ ਸ਼ੁਰੂ ਹੋ ਸਕਦੀ ਹੈ। ਬਿਕਰ ਸਿੰਘ ਸਿੱਧੂ ਨੇ ਬਾਣੀ ਦਾ ਹਵਾਲਾ ਦੇ ਕੇ ਸ਼ਾਂਤੀ ਪ੍ਰਾਪਤ ਕਰਨ ਦੇ ਸਾਧਨ ਦੱਸੇ। ਉਹਨਾਂ ਸਰੀਲੀ ਆਵਾਜ਼ ਵਿੱਚ ਇੱਕ ਗੀਤ ਵੀ ਪੇਸ਼ ਕੀਤਾ। ਬਜ਼ੁਰਗਾਂ ਦੇ ਜਨਮਦਿਨ ਵੀ ਮਨਾਏ ਗਏ। ਉਹਨਾਂ ਨੂੰ ਸ਼ੁਭਕਾਮਨਾਵਾਂ ਭੇਂਟ ਕੀਤੀ ਗਈਆ ।ਅਖੀਰ ਵਿੱਚ ਪ੍ਰਧਾਨ ਮੋਤਾ ਸਿੰਘ ਮਿਨਹਾਸ ਨੇ ਸਾਰੇ ਆਏ ਹੋਇਆਂ ਦਾ ਸ਼ੁਕਰੀਆ ਅਦਾ ਕੀਤਾ। ਖਾਣ ਪੀਣ ਦਾ ਖਾਸ ਪ੍ਰਬੰਧ ਸੀ। ਸਟੇਜ ਦੀ ਕਾਰਵਾਈ ਮੇਜਰ ਸਿੰਘ ਧਾਲੀਵਾਲ ਨੇ ਚਲਾਈ।









# ਮੇਲਾ "ਮਾਵਾਂ ਠੰਡੀਆਂ ਛਾਵਾਂ" 5 ਮਈ ਨੂੰ ਕੈਲਗਰੀ ਦੇ ਪੌਲਿਸ਼ ਕਨੇਡੀਅਨ ਸੈਂਟਰ ਵਿਖੇ ਹੋਵੇਗਾ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਗਿੱਧਾ ਐਂਡ ਡਾਂਸ ਅਕੈਡਮੀ ਦੀ ਸੰਚਾਲਕ ਨਰਿੰਦਰ ਗਿੱਲ ਅਤੇ ਹਰਜੀਤ ਗਿੱਲ ਹੋਰਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਸਾਲ ਦੀ ਤਰਾਂ ਇਸ ਵਾਰ ਵੀ ਪੰਜਾਬ ਇੰਸੋਰੈਂਸ ਵਾਲੇ ਹਰਪਿੰਦਰ ਸਿੱਧੂ ਅਤੇ ਹੋਰਨਾ ਸਮਾਂਸਰ ਵੀਰਾਂ ਭੈਣਾਂ ਦੇ ਸਹਿਯੋਗ ਨਾਲ 5 ਮਈ 2024 ਦਿਨ ਐਂਤਵਾਰ ਵਾਲੀ ਸਾਮ ਨੂੰ 3 ਵਜੇ ਤੋਂ ਲੈਕੇ ਦੇਰ ਰਾਤ ਤੱਕ ਪੌਲਿਸ਼ ਕਨੇਡੀਅਨ ਸੈਂਟਰ ਕੈਲਗਰੀ ਵਿਖੇ ਮੇਲਾ ਮਾਵਾਂ ਠੰਡੀਆਂ ਛਾਵਾਂ ਮਨਾਇਆ ਜਾ ਰਿਹਾ ਹੈ। ਜਿਸ ਦੀ ਟਿਕਟ ਸਿਰਫ 20 ਡਾਲਰ ਹੈ। 5 ਸਾਲ ਤੋਂ ਛੋਟੇ ਬੱਚਿਆਂ ਦੀ ਕੋਈ ਟਿਕਟ ਨਹੀਂ ਲੱਗੇਗੀ ਮੇਲੇ ਦੀਆਂ ਤਿਆਰੀਆਂ ਸਬੰਧੀ ਬੀਤੇ ਦਿਨੀ ਪੋਸਟਰ ਵੀ ਰਿਲੀਜ ਕੀਤਾ ਗਿਆ। ਟਿਕਟਾਂ ਜਾਂ ਹੋਰ ਜਾਣਕਾਰੀ ਲਈ ਹਰਜੀਤ ਗਿੱਲ ਜਾਂ ਨਰਿੰਦਰ ਗਿੱਲ ਨਾਲ ਸੰਪਰਕ ਕਰ ਸਕਦੇ ਹੋ।

# ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਵਾਲਿਆਂ ਵੀਵੋ ਵਿੱਚ ਵਿਚਾਰਾਂ ਕੀਤੀਆਂ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬਰਥਡੇ ਮੀਟਿੰਗ ਵੱਜੋਂ ਜਾਣੀ ਜਾਂਦੀ ਨੌਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੇ ਦੂਸਰੇ ਪੰਦਰਵਾੜੇ ਦੀ ਮੀਟਿਗ ਦੌਰਾਨ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਪ੍ਰਧਾਨਗੀ ਮੰਡਲ ਵਿੱਚ ਸੁਰਿੰਦਰਜੀਤ ਪਲਾਹਾ ਅਤੇ ਪ੍ਰਸ਼ੋਤਮ ਦਾਸ ਭਾਰਦੁਵਾਜ ਦੇ ਨਾਲ ਜੋਗਾ ਸਿੰਘ ਲ੍ਹੇਲ ਅਤੇ ਉਨ੍ਹਾਂ ਦੀ ਧਰਮ ਪਤਨੀ ਨੂੰ ਸ਼ਾਮਿਲ ਹੋਣ ਲਈ ਸੱਦਾ ਦਿੱਤਾ। ਜਿਨ੍ਹਾਂ ਮੈਂਬਰਾਂ ਦੇ ਇਸ ਮਹੀਨੇ ਜਨਮ ਦਿਨ ਆਉਦੇ ਹਨ ਉਨ੍ਹਾਂਨੂੰ ਮੰਚ ਤੇ ਬੁਲਾ ਕੇ ਗਰੁੱਪ ਫੋਟੋ ਲਈ ਗਈ ਅਤੇ ਐਸੋਸੀਏਸ਼ਨ ਦੇ ਚਿੰਨਾਂ ਨਾਲ ਹਰ ਇਕ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ ਗਈਆਂ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਦੱਸਿਆ ਕਿ ਵੀਵੋ ਦੀ ਉਸਾਰੀ ਲਈ ਦਾਨ ਦੇਣ ਵਾਲਿਆਂ ਦੀ ਲਿਸਟ ਜੋ ਵੀਵੋ ਦੇ ਬੋਰਡ ਤੇ ਛਪਣ ਜਾ ਰਹੀ ਹੈ ਉਨ੍ਹਾਂ ਮੈਬਰਾਂ ਦੇ ਨਾਮਾਂ ਦੀ ਸੂਚੀ ਈ-ਮੇਲ ਰਾਹੀਂ ਸਭਨੂੰ ਭੇਜੀ ਜਾਵੇਗੀ ,ਇਸ ਨੂੰ ਚੰਗੀ ਤਰ੍ਹਾਂ ਪੜ੍ਹਕੇ ਜੇ ਕੁੱਝ ਦਰੁਸਤੀ ਕਰਨ ਦੀ ਲੋੜ ਹੋਵੇ ਤਾਂ ਉਨ੍ਹਾਂ ਦੇ ਧਿਆਨ ਵਿੱਚ ਲਿਆਉਣ। ਦਿਲ ਦੇ ਦੌਰੇ ਤੋਂ ਪੀੜਤ ਹਰਮਿੰਦਰ ਸਿੰਘ ਦੇ ਲਈ ਗੋ-ਫੰਡ ਦੁਆਰਾ ਕੱਠੇ ਕੀਤੇ ਜਾ ਰਹੇ ਫੰਡ ਲਈ ਐਨ ਸੀ ਸੀ ਏ ਦੇ ਮੈਬਰਾਂ ਵੱਲੋਂ ਅਤੇ ਸੰਸਥਾ ਵੱਲੋਂ 500 ਡਾਲਰ ਦੀ ਰਾਸ਼ੀ ਜਮਾਂ ਕਰਵਾਉਣ ਦੀ ਜਾਣਕਾਰੀ ਦਿੱਤੀ ਅਤੇ ਪੀੜਤ ਦੀ ਸਿਹਤਯਾਬੀ ਲਈ ਸ਼ੁਭ ਕਾਮਨਾਵਾਂ ਕੀਤੀਆ। ਦਰਸ਼ਨ ਸਿੰਘ ਧਾਲੀਵਾਲ ਹੋਰਾਂ ਕੈਲਗਰੀ ਦੀ ਪਹਿਲੀ ਔਰਤ ਮੇਅਰ ਜੋਤੀ ਗੌਂਡਕ ਪ੍ਰਤੀ ਚਲ ਰਹੇ ਵਾਦ- ਵਿਵਾਦ ਵਾਰੇ ਅਫਸੋਸ ਪ੍ਰਗਟ ਕਰਦਿਆਂ ਹੈਰਾਨੀ ਪ੍ਰਗਟਾਈ ਜਦੋਂ ਕਿ ਕੌਂਸਿਲ ਦੇ 15 ਮੈਂਬਰ ਹਨ ਹਰ ਇੱਕ ਫੈਸਲਾ ਬਹੁਮਤ ਦੀ ਸਹਿਮਤੀ ਨਾਲ ਹੀ ਲਿਆ ਜਾਂਦਾ ਹੈ। ਫਿਰ ਇਕੱਲੇ ਮੇਅਰ ਨੂੰ ਕਿਉ ਨਿਸ਼ਾਨਾ ਬਣਾਇਆ ਜਾ ਰਿਹਾ ? ਕਰਮ ਸਿੰਘ ਮੁੰਡੀ ਹੋਰਾਂ ਸਮਾਜ ਵਿੱਚ, ਸਿਆਸਤ ਦੇ ਪੱਖ ਤੋਂ, ਆ ਰਹੀਆਂ ਚੋਣਾਂ ਦੀ ਨੌਮੀਨੇਸ਼ਨ ਵਾਰੇ ਜੋ ਝੁਕਾਅ ਵੇਖੇ ਜਾ ਰਹੇ ਹਨ ਉਨ੍ਹਾਂ ਤੋਂ ਚਿੰਤੁਤ ਹੁੰਦਿਆਂ ਆਪਣੇ ਸ਼ਬਦਾਂ ਵਿੱਚ ਉਨ੍ਹਾਂ ਪ੍ਰਤੀ ਵਿਸ਼ੇਸ਼ ਪ੍ਰਤੀਕਰਮ ਦੇਂਦਿਆ ਵੋਟਰਾਂ ਨੂੰ ਸੁਝਾਂਓ ਦਿੱਤਾ ਕਿ ਨੌਮੀਨੇਸ਼ਨ ਹੋਣ ਜਾ ਰਹੀ ਹੈ ਇਸ ਪ੍ਰਤੀ ਜਿੰਮੇਂਵਾਰੀ ਦਾ ਸਬੂਤ ਦੇਣ। ਵਿਜੇ ਸੱਚਦੇਵਾ ਨੇ ਇੱਕ ਖੂਬਸੂਰਤ ਚੁਟਕਲਾ ਅਤੇ ਆਸਾ ਸਿੰਘ ਪਸਤਾਨਾ ਦਾ ਗਾਇਆ ਲੋਕ ਗੀਤ "ਨੀ ਅੱਜ ਸਾਰੇ ਛੱਡ ਜੰਜਾਲ ਕੁੜੇ, ਮੇਲੇ ਨੂੰ ਚੱਲ ਮੇਰੇ ਨਾਲ ਕੁੜੇ" ਸੁਰੀਲੀ ਆਵਾਜ ਵਿੱਚ ਪੇਸ਼ ਕੀਤਾ ।ਬੀਬੀ ਹਰਕੰਵਲ ਕੌਰ ਧਾਲੀਵਾਲ ਨੇ ਸੰਤ ਰਾਮ ਉਦਾਸੀ ਦੀ ਰਚਨਾ " ਗਲ਼ ਲੱਗਕੇ ਸੀਰੀ ਦੇ ਜੱਟ ਰੋਵੇ,ਬੀਬੀ ਬਿਨੋਦ ਨੇ ਹਿੰਦੀ ਫਿਲਮ ਦਾ ਗੀਤ "ਚਲੇ ਜਾਈਏ ਗਾ, ਠਹਿਰੋ ਹੋਸ਼ ਮੈਂ ਆ ਤੋ ਲੂੰ, ਸੁਰਜੀਤ ਸਿੰਘ ਲੱਲੀ ਹੋਰਾਂ ਬਦਲ ਰਹੀਆਂ ਇਤਹਾਸਿਕ ਤਰੀਕਾਂ ਦਾ ਕਾਰਨ ਲੀਪ ਦੇ ਸਾਲਾਂ ਦੀ ਗਿਣਤੀ ਮਿਣਤੀ ਕਾਰਨ ਤੇ ਕੁੱਝ ਤਰੀਕਾਂ ਵਿੱਚ ਬਦਲਾ ਸੁਭਾਵਕ ਹਨ। ਤਰਕ ਮਲਿਕ ਨੇ ਗਜਲ ਨੂੰ ਕਵਿਤਾਵਾਂ ਦੀ ਇੱਕ ਵਿਸ਼ੇਸ਼ ਸਿਨਫ ਕਿਹਾ ਅਤੇ ਕੁੱਝ ਸ਼ਿਅਰ ਸ਼ਾਂਝੇ ਕੀਤੇ ।ਅਮਰਜੀਤ ਕੌਰ ਢਿੱਲੋਂ ਨੇ ਸਿਹਤ ਸਬੰਧੀ ਬੋਲਦਿਆਂ ਫਾਉਂਟੇਨ ਆਫ ਲਾਈਫ ਨਾਮ ਦੇ ਪਰੋਡਕਟ ਵਾਰੇ ਦੱਸਿਆਂ।ਬੀਬੀ ਹਰਿੰਦਰ ਕੌਰ ਮੁੰਡੀ ਨੇ ਛੋਟੇ ਪ੍ਰਵਾਰਿਕ ਪ੍ਰੇਸਾਨੀਆਂ ਸਬੰਧੀ ਵਿਚਾਰ ਰੱਖੇ। ਤਰਲੋਕ ਸਿੰਘ ਚੁੱਘ ਅਤੇ ਜੋਗਾ ਸਿੰਘ ਨੇ ਵਿਅੰਗਆਤਮਿਕ ਚੁੱਟਕਲੇ ਸੁਣਾਏ। ਬੀਬੀ ਚਰਨਜੀਤ ਕੌਰ ਨੇ ਆਮ ਦੀ ਤਰ੍ਹਾਂ ਇੱਕ ਲੋਕ ਗੀਤ ਨਾਲ ਵਾਹ ਵਾਹ ਖੱਟੀ। ਬਿਕਰ ਸਿੰਘ ਸੰਧੂ , ਜਗਦੀਪ ਸਹੋਤਾ, ਅਤੇ ਰਾਜੇਸ਼ ਅੰਗਰਾਲ ਹੋਰਾਂ ਸਮੇਂ ਨੂੰ ਧਿਆਨ ਵਿੱਚ ਰੱਖਦਿਆਂ ਆਪਣੇ ਵਿਚਾਰਾਂ ਨੂੰ ਸੀਮਤ ਰੱਖਦਿਆਂ ਹਾਜਰੀ ਲਗਵਾਈ । ਗੁਰਦਿਆਂਲ ਸਿੰਘ ਖਹਿਰਾ ਨੇ 13 ਮਈ ਵਾਲ਼ੀ ਮੀਟਿੰਗ ਮਦਰਜ ਡੇ ਦੇ ਸਬੰਧ ਸੁੱਖੀ ਕੁੰਡੂ ਦੀ ਰਹਿਨੁਮਾਈ ਵਿੱਚ ਹੋਵੇਗੀ ਇਹ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਔਰਤ ਮੈਂਬਰਾਂ ਨੂੰ ਬੇਨਤੀ ਹੈ ਕਿ ਸੁੱਖੀ ਕੁੰਡੂ ਨਾਲ ਸੰਪਰਕ ਕਰਨ।

## ਕਰੈਡਿਟ ਧੋਖਾਧੜੀ ਸਬੰਧੀ ਗ੍ਰਿਫ਼ਤਾਰ ਕੀਤੇ ਗਏ 12 ਲੋਕਾਂ ਉੱਪਰ 102 ਮਾਮਲੇ ਦਰਜ ਹੋਏ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਟੋਰਾਂਟੋ ਪੁਲਿਸ ਨੇ ਕ੍ਰੈਡਿਟ ਕਾਰਡਾਂ ਨਾਲ ਧੋਖਾਧੜੀ ਦੇ ਮਾਮਲੇ ਵਿੱਚ ਲੰਬੀ ਜਾਂਚ ਉਪਰੰਤ 12 ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਨੇ ਐਲਾਨ ਕੀਤਾ ਕਿ ਚਾਰ ਮਿਲੀਅਨ ਡਾਲਰ ਦੀ ਧੋਖਾਧੜੀ ਦੇ ਮਾਮਲੇ ਵਿੱਚ ਪ੍ਰੋਜੈਕਟ ਡੇਜਾ ਵੋ ਤਹਿਤ ਜਾਂਚ ਸ਼ੁਰੂ ਕੀਤੀ ਗਈ ਸੀ। ਕ੍ਰੈਡਿਟ ਕਾਰਡਾਂ ਨਾਲ ਜੁੜੀ ਇਹ ਧੋਖਾ ਧੜੀ 2016 ਵਿੱਚ ਸ਼ੁਰੂ ਹੋਈ ਸੀ ਅਤੇ ਫਾਈਨੈਂਸ਼ੀਅਲ ਕ੍ਰਾਈਮ ਯੂਨਿਟ ਵੱਲੋਂ ਸਾਲ 2022 ਵਿੱਚ ਇਸ ਸਬੰਧੀ ਜਾਂਚ ਸ਼ੁਰੂ ਕੀਤੀ ਗਈ ਸੀ ਸੀ। ਡਿਟੈਕਟਿਵ ਡੇਵਿਡ ਕੋਫੀ ਨੇ ਦੱਸਿਆ ਕਿ 680 ਤੋਂ ਜਿਆਦਾ ਯੂਨੀਕ ਸਿੰਥੈਟਿਕ ਆਈਡੈਂਟੀਜ਼ ਯਾਨੀ ਜਾਅਲੀ ਪਹਿਚਾਣ ਬਣਾਈਆਂ ਗਈਆਂ ਸਨ ਜਿਨਾਂ ਤਹਿਤ ਵੱਖ ਵੱਖ ਬੈਂਕਾਂ ਸੈਂਕੜੇ ਬੈਂਕ ਅਤੇ ਕਰੈਡਿਟ ਅਕਾਊਂਟ ਖੋਲੇ ਗਏ ਸਨ। ਧੋਖਾਧੜੀ ਨਾਲ ਬਣਾਏ ਗਏ ਇਹ ਕ੍ਰੈਡਿਟ ਅਕਾਊਂਟ ਸਟੋਰਾਂ ਵਿੱਚ ਤੇ ਆਨਲਾਈਨ ਖਰੀਦਦਾਰੀ ਵਾਸਤੇ ਵਰਤੋਂ ਤੋਂ ਇਲਾਵਾ ਕੈਸ਼ ਕਢਵਾਉਣ ਅਤੇ ਇਲੈਕਟਰੋਨਿਕ ਫੰਡ ਟਰਾਂਸਫਰ ਵਾਸਤੇ ਵਰਤੇ ਜਾਂਦੇ ਸਨ। ਗ੍ਰਿਫ਼ਤਾਰ ਕੀਤੇ ਗਏ 12 ਲੋਕਾਂ ਉੱਪਰ 102 ਮਾਮਲੇ ਦਰਜ ਕੀਤੇ ਗਏ ਹਨ।






















## ਸੰਪਾਦਕੀ



**ਸੱਤਾ ਦੀ ਦੁਰਵਰਤੋਂ ਜਮਹੂਰੀਅਤ ਦੀ ਕਬਰ ਹੈ**
**-ਜੇਮਸ ਮੈਡੀਸਨ**

# ਕਾਂਗਰਸ ਦੀ ਅੰਦਰੂਨੀ ਕਮਜ਼ੋਰੀ

ਸਿਆਸੀ ਪਾਰਟੀਆਂ ਵਿੱਚ ਜਮਹੂਰੀ ਮਾਹੌਲ ਹੋਣਾ ਚੰਗੀ ਗੱਲ ਸਮਝੀ ਜਾਂਦੀ ਹੈ, ਤਾਂ ਜੋ ਕਿਸੇ ਵੀ ਮੈਂਬਰ ਨੂੰ ਕਿਸੇ ਗੱਲ 'ਤੇ ਕੋਈ ਇਤਰਾਜ਼ ਹੋਵੇ ਤਾਂ ਉਹ ਪ੍ਰਗਟ ਕਰ ਸਕਦਾ ਹੈ। ਪਰ ਇਸ ਦਾ ਇਹ ਮਤਲਬ ਬਿਲਕੁਲ ਨਹੀਂ ਕਿ ਕੋਈ ਵੀ ਪਾਰਟੀ ਆਪਣੇ ਅੰਦਰ ਅਨੁਸ਼ਾਸਨ ਪੈਦਾ ਕਰਨਾ ਬੰਦ ਕਰ ਦੇਵੇ। ਚੱਲ ਰਹੀਆਂ ਚੋਣਾਂ ਦੌਰਾਨ ਜਿਸ ਤਰ੍ਹਾਂ ਕਾਂਗਰਸੀ ਆਗੂ ਬਗਾਵਤ ਕਰਦੇ ਅਤੇ ਦੂਜੀਆਂ ਪਾਰਟੀਆਂ ਵਿੱਚ ਸ਼ਾਮਲ ਹੁੰਦੇ ਨਜ਼ਰ ਆ ਰਹੇ ਹਨ, ਕਾਂਗਰਸ ਬੇਸ਼ੱਕ ਇਸ ਨੂੰ ਪਾਰਟੀ ਦੀ ਅੰਦਰੂਨੀ ਜਮਹੂਰੀਅਤ ਦੱਸ ਕੇ ਆਪਣੀ ਪਿੱਠ ਥਪਥਪਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਅਸਲੀਅਤ ਇਹ ਹੈ ਕਿ ਇਹ ਅਨੁਸ਼ਾਸਨ ਦੀ ਘਾਟ ਨੂੰ ਦਰਸਾਉਂਦਾ ਹੈ। ਇਹ ਵਾਪਰਦਾ ਹੈ। ਕੁੱਝ ਦਿਨ ਪਹਿਲਾਂ ਗੁਜਰਾਤ ਦੀ ਸੂਰਤ ਸੀਟ ਤੋਂ ਕਾਂਗਰਸ ਉਮੀਦਵਾਰ ਨੇ ਜਾਣਬੁੱਝ ਕੇ ਨਾਮਜ਼ਦਗੀ ਭਰਨ 'ਚ ਗਲਤੀ ਕੀਤੀ, ਜਿਸ ਕਾਰਨ ਉਨ੍ਹਾਂ ਦੀ ਨਾਮਜ਼ਦਗੀ ਰੱਦ ਕਰ ਦਿੱਤੀ ਗਈ ਅਤੇ ਭਾਜਪਾ ਉਮੀਦਵਾਰ ਬਿਨਾਂ ਮੁਕਾਬਲਾ ਚੁਣੇ ਗਏ। ਹੁਣ ਇੰਦੌਰ ਸੀਟ ਤੋਂ ਉਮੀਦਵਾਰ ਨੇ ਨਾਮਜ਼ਦਗੀ ਵਾਪਸ ਲੈਣ ਦੇ ਆਖਰੀ ਦਿਨ ਆਪਣੀ ਉਮੀਦਵਾਰੀ ਵਾਪਸ ਲੈ ਲਈ ਹੈ। ਇੱਕ ਦਿਨ ਪਹਿਲਾਂ ਅਰਵਿੰਦਰ ਸਿੰਘ ਲਵਲੀ ਨੇ ਦਿੱਲੀ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਤੋਂ ਇਹ ਕਹਿ ਕੇ ਅਸਤੀਫਾ ਦੇ ਦਿੱਤਾ ਸੀ ਕਿ ਚੋਣ ਇੰਚਾਰਜ ਉਨ੍ਹਾਂ ਦੀ ਗੱਲ ਨਹੀਂ ਸੁਣਦੇ। ਲਵਲੀ ਨੇ ਪਾਰਟੀ ਲੀਡਰਸ਼ਿਪ 'ਤੇ ਵੀ ਕਈ ਦੋਸ਼ ਲਾਏ ਹਨ। ਭਾਵੇਂ ਇਨ੍ਹਾਂ ਤਿੰਨਾਂ ਮਾਮਲਿਆਂ ਵਿੱਚ ਭਾਜਪਾ ਦੇ ਦਬਾਅ ਅਤੇ ਗਠਜੋੜ ਦੀ ਗੱਲ ਚੱਲ ਰਹੀ ਹੈ, ਪਰ ਇਸ ਨਾਲ ਕਾਂਗਰਸ ਦੀ ਅਨੁਸ਼ਾਸਨਹੀਣਤਾ ਅਤੇ ਆਪਣੇ ਆਗੂਆਂ ਨੂੰ ਕਾਬੂ ਵਿੱਚ ਰੱਖਣ ਵਿੱਚ ਨਾਕਾਮੀ ਛੁਪੀ ਨਹੀਂ ਹੈ। ਪਿਛਲੇ ਕੁੱਝ ਸਾਲਾਂ ਵਿੱਚ ਵੱਡੀ ਗਿਣਤੀ ਵਿੱਚ ਆਗੂ ਕਾਂਗਰਸ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਏ ਹਨ। ਉਨ੍ਹਾਂ ਵਿੱਚ ਕਈ ਸੀਨੀਅਰ ਆਗੂ ਵੀ ਸ਼ਾਮਿਲ ਸਨ। ਇਹ ਸੱਚ ਹੈ ਕਿ ਜਦੋਂ ਕਈ ਨੇਤਾਵਾਂ ਨੂੰ ਕਾਂਗਰਸ ਵਿੱਚ ਆਪਣਾ ਭਵਿੱਖ ਨਜ਼ਰ ਨਹੀਂ ਆਇਆ ਤਾਂ ਉਹ ਭਾਜਪਾ ਵਿੱਚ ਸ਼ਾਮਲ ਹੋ ਗਏ। ਕਿਹਾ ਜਾਂਦਾ ਹੈ ਕਿ ਕਈਆਂ ਨੇ ਆਪਣੇ ਭ੍ਰਿਸ਼ਟਾਚਾਰ ਵਿਰੁੱਧ ਕਾਰਵਾਈ ਤੋਂ ਬਚਣ ਲਈ ਆਪਣੀ ਪਾਰਟੀ ਛੱਡ ਸੱਤਾਧਾਰੀ ਪਾਰਟੀ ਨਾਲ ਨਾਤਾ ਜੋੜਿਆ ਹੈ। ਪਰ ਇਹ ਯਕੀਨੀ ਤੌਰ 'ਤੇ ਕਾਂਗਰਸ ਲੀਡਰਸ਼ਿਪ 'ਤੇ ਸਵਾਲ ਖੜ੍ਹੇ ਕਰਦਾ ਹੈ ਕਿ ਉਹ ਆਪਣੇ ਨੇਤਾਵਾਂ ਨੂੰ ਸੰਤੁਸ਼ਟ ਕਿਉਂ ਨਹੀਂ ਰੱਖ ਸਕੀ। ਅਜਿਹਾ ਕੀ ਹੋਇਆ ਕਿ ਇਸ ਦੇ ਆਗੂ, ਜੋ ਕੱਲ੍ਹ ਤੱਕ ਕਦੇ ਵੀ ਆਪਣੇ ਸਿਧਾਂਤਾਂ ਦੀ ਪੈਰਵੀ ਕਰਦੇ ਨਹੀਂ ਥੱਕਦੇ ਸਨ, ਅਚਾਨਕ ਬਾਗੀ ਅਤੇ ਮੌਕਾਪ੍ਰਸਤ ਦਿਖਾਈ ਦੇਣ ਲੱਗ ਪਏ। ਉਨ੍ਹਾਂ ਦੀ ਬੇਚੈਨੀ ਅਚਾਨਕ ਭੜਕ ਉੱਠੀ ਅਤੇ ਉਨ੍ਹਾਂ ਨੇ ਕਾਂਗਰਸ ਵਿਰੁੱਧ ਜ਼ਹਿਰ ਉਗਲਣਾ ਸ਼ੁਰੂ ਕਰ ਦਿੱਤਾ। ਕਿਸੇ ਵੀ ਪਾਰਟੀ ਦੀ ਤਾਕਤ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਉਸ ਦੇ ਆਗੂ ਅਤੇ ਵਰਕਰ ਪਾਰਟੀ ਪ੍ਰਤੀ ਕਿੰਨੇ ਪ੍ਰਤੀਬੱਧ ਹਨ। ਉਨ੍ਹਾਂ ਨੂੰ ਕੋਈ ਜ਼ਿੰਮੇਵਾਰੀ ਮਿਲੇ ਜਾਂ ਨਾ ਮਿਲੇ, ਚੋਣ ਟਿਕਟ ਮਿਲੇ ਜਾਂ ਨਾ ਮਿਲੇ, ਉਹ ਚੁੱਪ ਰਹਿੰਦੇ ਹਨ ਅਤੇ ਪਾਰਟੀ ਲੀਡਰਸ਼ਿਪ ਦੇ ਫੈਸਲੇ ਨੂੰ ਪ੍ਰਵਾਨ ਕਰਦੇ ਹਨ ਅਤੇ ਆਪਣੇ ਉਮੀਦਵਾਰ ਨੂੰ ਜਿਤਾਉਣ ਲਈ ਵਫ਼ਾਦਾਰੀ ਅਤੇ ਇਕਮੁੱਠਤਾ ਦਿਖਾਉਂਦੇ ਹਨ। ਭਾਜਪਾ ਇਸ ਸਮੇਂ ਸਭ ਤੋਂ ਤਾਕਤਵਰ ਪਾਰਟੀ ਹੈ ਕਿਉਂਕਿ ਇਸ ਦੀ ਲੀਡਰਸ਼ਿਪ ਆਪਣੇ ਨੇਤਾਵਾਂ ਅਤੇ ਵਰਕਰਾਂ ਨੂੰ ਆਪਣੇ ਨਾਲ ਜੋੜੀ ਰੱਖਣ 'ਚ ਸਫਲ ਰਹੀ ਹੈ। ਚੋਣਾਂ ਜਿੱਤਣ ਲਈ ਹਰ ਸਿਆਸੀ ਪਾਰਟੀ ਆਪੋ-ਆਪਣੀ ਚਾਲ ਚਲਦੀ ਹੈ। ਜਿਵੇਂ ਕਿ ਦੋਸ਼ ਲਾਇਆ ਜਾ ਰਿਹਾ ਹੈ ਕਿ ਜੇਕਰ ਭਾਜਪਾ ਕਾਂਗਰਸ ਦੇ ਨੇਤਾਵਾਂ ਨੂੰ ਆਪਣੇ ਵੱਲ ਖਿੱਚਣ ਵਿੱਚ ਸਫਲ ਹੋ ਜਾਂਦੀ ਹੈ ਤਾਂ ਇਸ ਨੂੰ ਚੋਣ ਗਣਿਤ ਅਨੁਸਾਰ ਗਲਤ ਨਹੀਂ ਕਿਹਾ ਜਾ ਸਕਦਾ। ਅਸਲ ਸਵਾਲ ਇਹ ਹੈ ਕਿ ਕਾਂਗਰਸ ਨੇ ਆਪਣੇ ਆਗੂਆਂ ਨੂੰ ਇਸ ਤਰ੍ਹਾਂ ਅਨੁਸ਼ਾਸਨ ਵਿੱਚ ਕਿਉਂ ਨਹੀਂ ਰੱਖਿਆ ਜਾਂ ਉਨ੍ਹਾਂ ਵਿਚ ਅਜਿਹਾ ਭਰੋਸਾ ਕਿਉਂ ਨਹੀਂ ਪੈਦਾ ਕੀਤਾ ਕਿ ਉਹ ਕਿਸੇ ਹੋਰ ਪਾਰਟੀ ਦੇ ਲਾਲਚ ਜਾਂ ਦਬਾਅ ਵਿੱਚ ਨਾ ਆਉਣ। ਜੇਕਰ ਵੱਡੇ ਆਗੂ ਜਾਂ ਉਮੀਦਵਾਰ ਵੀ ਚੋਣਾਂ ਦੇ ਅੱਧ ਵਿਚਕਾਰ ਪਾਰਟੀ ਛੱਡ ਕੇ ਕਿਸੇ ਹੋਰ ਪਾਰਟੀ ਵਿੱਚ ਸ਼ਾਮਿਲ ਹੋ ਜਾਂਦੇ ਹਨ ਤਾਂ ਇਹ ਨਾ ਸਿਰਫ਼ ਪਾਰਟੀ ਦੀ ਅੰਦਰੂਨੀ ਕਮਜ਼ੋਰੀ ਨੂੰ ਉਜਾਗਰ ਕਰਦਾ ਹੈ ਸਗੋਂ ਇਸ ਦੀ ਰਣਨੀਤੀ ਨੂੰ ਵੀ ਫੇਲ੍ਹ ਕਰਦਾ ਹੈ।

**403 640 2000**
**punjabiakhbaar@gmail.com**

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸ਼ਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖ਼ਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
- ਸੰਪਾਦਕ

# ਸੌਖਾ ਨਹੀਂ ਵਿਸ਼ਵ ਗੁਰੂ ਬਨਣ ਦਾ ਸਫ਼ਰ



ਗੁਰਮੀਤ ਸਿੰਘ ਪਲਾਹੀ

ਦੁਨੀਆ ਵਿੱਚ ਇਸ ਸਮੇਂ ਸੰਯੁਕਤ ਰਾਸ਼ਟਰ ਸੰਘ ਅਨੁਸਾਰ ਗਿਆਰਾਂ ਦੇਸ਼, ਵਿਕਸਤ ਦੇਸ਼ ਹਨ। ਇਹਨਾ ਵਿੱਚ ਮੁੱਖ ਤੌਰ ਤੇ ਯੂਰਪੀ ਦੇਸ਼ ਹਨ, ਜਿਹੜੇ ਉਦਯੋਗਿਕ ਰੂਪ ਚ ਵਿਕਸਤ ਹਨ। ਭਾਰਤ ਨੇ ਜੇਕਰ ਵਿਕਾਸਸ਼ੀਲ ਦੇਸ਼ ਤੋਂ ਵਿਕਸਤ ਦੇਸ਼ ਬਨਣਾ ਹੈ ਤਾਂ ਉਸਨੂੰ ਔਖਾ ਸਫ਼ਰ ਤਹਿ ਕਰਨਾ ਹੋਵੇਗਾ।

ਭਾਰਤ ਨੇ 2047 ਤੱਕ ਵਿਕਸਤ ਦੇਸ਼ ਬਨਣ ਦਾ ਸੰਕਲਪ ਲਿਆ ਹੈ। ਮੌਜੂਦਾ ਚੋਣਾਂ ਚ ਵੀ ਹਾਕਮ ਧਿਰ ਭਾਜਪਾ ਵਿਕਸਤ ਦੇਸ਼ ਦੇ ਸੰਕਲਪ ਨੂੰ ਇੱਕ ਨਾਹਰੇ ਵਜੋਂ ਵਰਤ ਰਹੀ ਹੈ। ਜੇਕਰ ਭਾਰਤ ਨੇ 2047 ਤੱਕ ਵਿਕਸਤ ਦੇਸ਼ ਦਾ ਖਿਤਾਬ ਪ੍ਰਾਪਤ ਕਰਨਾ ਹੈ ਤਾਂ ਉਸਨੂੰ ਲਗਾਤਾਰ 8 ਫੀਸਦੀ ਤੋਂ 9 ਫੀਸਦੀ ਸਲਾਨਾ ਵਿਕਾਸ ਦਰ ਪ੍ਰਾਪਤ ਕਰਨੀ ਪਵੇਗੀ। 10 ਅਪ੍ਰੈਲ 2024 ਨੂੰ ਏਸ਼ੀਆਈ ਵਿਕਾਸ ਬੈਂਕ ਨੇ ਸਾਲ 2024-25 ਲਈ ਭਾਰਤ ਦੀ ਜੀਡੀਪੀ ਦਰ 7 ਫੀਸਦੀ ਦਾ ਅਨੁਮਾਨ ਦਿੱਤਾ ਹੈ।

ਤਾਂ ਫਿਰ ਕਿਵੇਂ ਆਉਂਦੇ 23 ਸਾਲਾਂ ਚ ਭਾਰਤ ਆਪਣੀ ਪ੍ਰਤੀ ਜੀਅ ਔਸਤ ਸਲਾਨਾ ਆਮਦਨ 2600 ਡਾਲਰ ਤੋਂ ਵਧਾਕੇ 12000 ਡਾਲਰ ਕਰੇਗਾ ? ਭਾਰਤ ਨੂੰ ਆਰਥਿਕ ਸੁਧਾਰਾਂ ਦੀ ਲੋੜ ਹੈ। ਭਾਰਤ ਨੂੰ ਖੇਤੀ ਅਤੇ ਮਜ਼ਦੂਰੀ ਸੁਧਾਰਾਂ @ਚ ਅੱਗੇ ਵਧਣਾ ਹੋਏਗਾ। ਭਾਰਤ ਨੂੰ ਆਪਣਾ ਬੁਨਿਆਦੀ ਢਾਂਚਾ ਮਜ਼ਬੂਤ ਕਰਨਾ ਪਵੇਗਾ। ਭਾਰਤ ਵਿੱਚ ਸੰਸਕ੍ਰਿਤ ਅਤੇ ਰਾਸ਼ਟਰੀ ਵਿਕਾਸ ਦੇ ਮੁੱਲ ਸਥਾਪਤ ਕਰਨੇ ਹੋਣਗੇ। ਭਾਰਤ ਨੂੰ ਸਿੱਖਿਆ, ਸਿਹਤ ਦੇ ਖੇਤਰਾਂ ਚ ਗੁਣਾਂ ਪੱਖੋਂ ਪੈੜਾਂ ਪਾਉਣੀਆਂ ਪੈਣਗੀਆਂ ਅਤੇ ਸਭ ਤੋਂ ਵੱਧ ਇਹ ਕਿ ਉਸ ਨੂੰ ਦੇਸ਼ ਚੋਂ ਗਰੀਬੀ, ਭ੍ਰਿਸ਼ਟਾਚਾਰ ਖ਼ਤਮ ਕਰਕੇ ਸਿਆਸੀ ਸਥਿਰਤਾ ਨਾਲ ਅੱਗੇ ਕਦਮ ਪੁੱਟਣੇ ਹੋਣਗੇ। ਪਰ ਕੀ ਇਸ ਸਮੇਂ, ਦੇਸ਼ ਦੇ ਮੌਜੂਦਾ ਹਾਲਤਾਂ ਵਿੱਚ ਦੇਸ਼ ਭਾਰਤ ਇਹ ਚਣੌਤੀਆਂ ਪ੍ਰਵਾਨ ਕਰਨ ਲਈ ਤਿਆਰ ਹੈ ?

ਸੰਯੁਕਤ ਰਾਸ਼ਟਰ ਸੰਘ ਵਲੋਂ ਜਾਰੀ ਕੀਤੀ ਗਈ ਮਾਨਵ ਵਿਕਾਸ ਸੂਚਾਂਕ (ਐਮਡੀ ਆਈ) ਰਿਪੋਰਟ ਅਨੁਸਾਰ ਭਾਰਤ 193 ਦੇਸ਼ਾਂ ਵਿਚੋਂ 134ਵੇਂ ਥਾਂ ਹੈ। ਵਿਸ਼ਵ ਖੁਸ਼ਹਾਲੀ ਰਿਪੋਰਟ 2024 ਚ ਭਾਰਤ ਨੂੰ 143 ਦੇਸ਼ਾਂ ਵਿਚੋਂ 126 ਵਾਂ ਥਾਂ ਮਿਲਿਆ ਹੈ। ਜੀਡੀਪੀ ਦੇ ਅਨੁਪਾਤ ਵਿੱਚ ਦੇਸ਼ ਦਾ ਖੋਜ਼ ਅਤੇ ਵਿਕਾਸ ਖੇਤਰ ਵਿੱਚ ਕੁਲ ਖਰਚ ਕੇਵਲ 0.64 ਫੀਸਦੀ ਹੈ ਜਦਕਿ ਵਿਸ਼ਵ ਪੱਧਰ @ਤੇ ਇਹ ਅਨੁਪਾਤ 2.71 ਹੈ, ਜੋ ਕਿ ਵਿਸ਼ਵ ਪੱਧਰ ਤੇ ਕਾਫੀ ਘੱਟ ਹੈ। ਭਾਵੇਂ ਭਾਰਤ ਇਸ ਸਮੇਂ ਜੀਡੀਪੀ ਦੇ ਮੱਦੇਨਜ਼ਰ ਦੁਨੀਆ ਦੀ ਪੰਜਵੀਂ ਸਭ ਤੋਂ ਵੱਡੀ ਅਰਥ ਵਿਵਸਥਾ ਹੈ, ਭਾਰਤ ਤੋਂ ਅੱਗੇ ਅਮਰੀਕਾ, ਚੀਨ, ਜਰਮਨ ਤੇ ਜਪਾਨ ਹਨ, ਪਰ ਦੇਸ਼ ਚ ਭੁੱਖਮਰੀ ਦੀ ਹਾਲਤ ਚਿੰਤਾਜਨਕ ਹੈ।

ਵਰਲਡ ਪਵਰਟੀ ਇੰਡੈਕਸ ਅਨੁਸਾਰ ਭੁੱਖਮਰੀ ਚ ਭਾਰਤ 125 ਦੇਸ਼ਾਂ ਵਿੱਚੋਂ 111 ਵੇਂ ਥਾਂ ਤੇ ਹੈ। ਲੀਗ ਆਫ਼ ਨੈਸ਼ਨਲਜ਼ ਦੇ ਦੇਸ਼ਾਂ ਵਿੱਚ ਪ੍ਰਤੀ ਜੀਅ ਆਮਦਨ ਦੇ ਮਾਮਲੇ ਚ ਭਾਰਤ ਦੀ ਥਾਂ 139 ਵੀਂ ਹੈ ਅਤੇ ਇਹ ਬਰਿਕਸ ਅਤੇ ਜੀ-20 ਦੇਸ਼ਾਂ ਚ ਇਸ ਮਾਮਲੇ ਚ ਫਾਡੀ ਹੈ।

ਭਾਵੇਂ ਕਿ ਕਿਹਾ ਇਹ ਵੀ ਜਾ ਰਿਹਾ ਹੈ ਕਿ ਪਿਛਲੇ ਦਹਾਕੇ ਚ ਗਰੀਬਾਂ ਦੀ ਗਿਣਤੀ ਚ ਭਾਰਤ ਚ ਕਮੀ ਆਈ ਹੈ ਅਤੇ ਇਕ ਰਿਪੋਰਟ ਅਨੁਸਾਰ ਭਾਰਤ ਚੋਂ 15 ਕਰੋੜ ਗਰੀਬ ਘਟੇ ਹਨ, ਪਰ 80 ਕਰੋੜ ਤੋਂ ਵੱਧ ਗਰੀਬ ਲੋਕਾਂ ਨੂੰ ਮੁਫ਼ਤ ਅਨਾਜ ਦੇਣਾ ਆਖ਼ਿਰ ਕੀ ਦਰਸਾਉਂਦਾ ਹੈ ? ਕੀ ਇਹ ਭਾਰਤ ਦੇਸ਼ ਦੀ ਤਰੱਕੀ ਦਾ ਚਿੰਨ੍ਹ ਹੈ ਕਿ 19 ਕਰੋੜ ਤੋਂ ਵੱਧ ਔਰਤਾਂ ਸ਼ਸ਼ਕਤੀਕਰਨ ਦੇ ਮੌਕੇ ਦੀ ਭਾਲ ਵਿੱਚ ਹਨ, ਪਰ ਘਰੀਂ ਬੇਕਾਰ ਬੈਠੀਆਂ ਹਨ।

ਵਿਕਾਸ ਕੋਈ ਅੰਕੜਿਆਂ ਦੀ ਖੇਡ ਨਹੀਂ ਹੈ। ਨਾ ਹੀ ਵਿਕਾਸ ਹਿਸਾਬ ਦਾ ਸਵਾਲ ਦੋ ਤੇ ਦੋ ਚਾਰ ਹੈ। ਵਿਕਾਸ ਦਾ ਮੂਲ ਤਾਂ ਆਰਥਿਕ ਵਿੱਤੀ ਅਤੇ ਬੁਨਿਆਦੀ ਸੁਧਾਰਾਂ ਚ ਛੁਪਿਆ ਹੋਇਆ ਹੈ। ਵਿਕਾਸ ਦੀ ਰੂਪ ਰੇਖਾ ਤਾਂ ਖੇਤੀ, ਬੁਨਿਆਦੀ ਢਾਂਚੇ, ਸਿੱਖਿਆ, ਰੁਜ਼ਗਾਰ, ਉਦਯੋਗ, ਸੇਵਾ ਖੇਤਰ, ਵਪਾਰ, ਊਰਜਾ ਦੇ ਨਵੇਂ ਸਾਧਨਾਂ ਦੀ ਵਰਤੋਂ, ਸਿਹਤ, ਗਰੀਬੀ @ਚ ਕਮੀ, ਸੰਤੁਲਿਤ ਖੇਤਰੀ ਵਿਕਾਸ, ਪ੍ਰਭਾਵੀ ਨਿਆਂ ਵਿਵਸਥਾ ਜਿਹੇ ਮੁੱਦਿਆਂ @ਤੇ ਟਿਕੀ ਹੋਈ ਹੈ ਅਤੇ ਇਸ ਤੋਂ ਵੀ ਵੱਧ ਦੇਸ਼ @ਚ ਸਿਆਸੀ ਸਥਿਰਤਾ, ਵਿਕਾਸ ਨੂੰ ਹੁਲਾਰਾ ਦੇਣ ਚ ਸਹਾਈ ਹੁੰਦੀ ਹੈ।

ਇਸ ਸਮੇਂ ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਕੀ ਭਾਰਤੀ ਅਰਥ ਵਿਵਸਥਾ ਬਾਹਰੀ ਝਟਕਿਆਂ ਨੂੰ ਸਹਿਣਯੋਗ ਹੋਈ ਹੈ ? ਕਿਉਂਕਿ ਬਾਹਰੀ ਝਟਕਿਆਂ ਤੋਂ ਉਭਾਰ ਹੀ ਕਿਸੇ ਦੇਸ਼ ਦੇ ਟਿਕਾਓ ਵਿਕਾਸ ਲਈ ਸਹਾਈ ਹੁੰਦਾ ਹੈ। ਬਿਨ੍ਹਾਂ ਸ਼ੱਕ ਤੇਜੀ ਨਾਲ ਵਧਦੇ ਭਾਰਤੀ ਬਜ਼ਾਰ ਦੇ ਕਾਰਨ ਭਾਰਤ ਦੇ ਮੁਕਤ ਵਪਾਰ ਸਮਝੌਤੇ (ਐਫਟੀਏ) ਵਧ ਰਹੇ ਹਨ। ਪ੍ਰਵਾਸੀ ਭਾਰਤੀ ਲਗਾਤਾਰ ਬਾਹਰੋਂ ਧੰਨ ਭੇਜ ਰਹੇ ਹਨ, ਆਰਥਿਕ ਵਿਕਾਸ ਨੂੰ ਵੀ ਗਤੀ ਮਿਲ ਰਹੀ ਹੈ, ਪਰ ਦੇਸ਼ ਦੀ ਜੀਡੀਪੀ ਵਧਾਉਣ ਦੇ ਨਾਲ ਨਾਲ ਕੀ ਪ੍ਰਤੀ ਜੀਅ ਆਮਦਨ ਅਤੇ ਆਮ ਆਦਮੀ ਦੀ ਖੁਸ਼ਹਾਲੀ ਉਤੇ ਇਸ ਦਾ ਅਸਰ ਪੈ ਰਿਹਾ ਹੈ ?

ਕੁਝ ਤੱਥ ਵਿਚਾਰਨ ਯੋਗ ਹਨ। ਕੌਮੀ ਸਿਹਤ ਅਥਾਰਿਟੀ ਦਾ ਪੋਰਟਲ ਖੁਦ ਇਹ ਮੰਨਦਾ ਹੈ ਕਿ ਹਰੇਕ ਸਾਲ ਸਿਹਤ @ਤੇ ਵਧ ਰਿਹਾ ਖ਼ਰਚ ਤਕਰੀਬਨ ਛੇ ਕਰੋੜ ਭਾਰਤੀਆਂ ਨੂੰ ਗਰੀਬੀ ਵੱਲ ਧੱਕ ਰਿਹਾ ਹੈ।ਦੂਜਾ ਕਿਸਾਨ ਭਾਈਵਾਰੇ ਦੀਆਂ ਕਈ ਪੀੜ੍ਹੀਆਂ ਨੂੰ ਮੈਕਰੋ/ ਵਿਆਪਕ ਅਰਥਚਾਰੇ ਦੇ ਮਿਆਦ ਪੁਗਾ ਚੁਕੇ ਢਾਂਚੇ ਕਾਰਨ ਗਰੀਬੀ ਭੋਗਣੀ ਪੈ ਰਹੀ ਹੈ। ਆਮਦਨ ਵਿੱਚ ਖੜੋਤ ਦਿਖਾਈ ਦੇ ਰਹੀ ਹੈ।

ਦਿਹਾਤੀ ਉਜਰਤਾਂ ਪਿਛਲੇ 10 ਸਾਲਾਂ ਚ ਲਗਭਗ ਨਾਂਹ ਦੇ ਬਰਾਬਰ ਵਧੀਆਂ ਹਨ, ਜਿਸ ਕਾਰਨ ਲੋਕ ਗੈਰ-ਜ਼ਮਾਨਤੀ ਨਿੱਜੀ ਕਰਜ਼ਿਆਂ ਦਾ ਸ਼ਿਕਾਰ ਹੋ ਰਹੇ ਹਨ। ਵਧ ਰਹੇ ਵਿੱਤੀ ਦਬਾਅ, ਬੈਂਕ ਕਰਜ਼ਿਆਂ ਦੀ ਲੋੜ ਪੈਦਾ ਕਰ ਰਹੇ ਹਨ। ਕਿਸਾਨ ਆਪਣੇ ਖੇਤ ਗਿਰਵੀ ਰੱਖ ਰਹੇ ਹਨ। ਇਹ ਸਿਰਫ਼ ਅਸਮਾਨ ਛੂੰਹਦੇ ਖੁਰਾਕੀ ਖਰਚਿਆਂ ਕਾਰਨ ਨਹੀਂ, ਸਗੋਂ ਸਿਹਤ, ਸਿੱਖਿਆ ਅਤੇ ਅਵਾਸ ਉਤੇ ਨਿਰੰਤਰ ਵਧੇ ਖ਼ਰਚਿਆਂ ਦਾ ਨਤੀਜਾ ਹਨ।

ਵਿਸ਼ਵ ਬੈਂਕ ਵਲੋਂ ਭਾਰਤ ਨੂੰ ਲੋਅਰ ਮਿਡਲ ਇਨਕਮ ਗਰੁੱਪ (ਹੇਠਲੇ ਮੱਧ ਆਮਦਨ ਗਰੁੱਪ) ਵਿੱਚ ਰੱਖਿਆ ਗਿਆ ਹੈ, ਜਿਸ ਦੀ ਪ੍ਰਤੀ ਨਿਵਾਸੀ ਔਸਤ ਆਮਦਨ ਘੱਟ ਹੈ ਅਤੇ ਵਧੀਆ ਸਿਹਤ ਸੇਵਾਵਾਂ ਅਤੇ ਉੱਚ ਸਿੱਖਿਆ ਦੀ ਪਹੁੰਚ ਅਤਿ ਸੀਮਤ ਹੈ। ਇਥੋਂ ਦੀ ਸਾਖਰਤਾ ਦਰ ਵਿਕਸਤ ਦੇਸ਼ ਦੇ ਮੁਕਾਬਲੇ ਘੱਟ ਹੈ ਅਤੇ ਦੇਸ਼ ਉਦਯੋਗਿਕ ਖੇਤਰ ਤੋਂ ਉਤਨਾ ਮਾਲੀਆ ਪੈਦਾ ਨਹੀਂ ਕਰਦਾ ਜਿੰਨਾ ਸੇਵਾ ਖੇਤਰ ਤੋਂ ਕਰਦਾ ਹੈ।

ਵਿਕਸਤ ਦੇਸ਼ ਅਰਥਾਤ ਉਦਯੋਗਿਕ ਦੇਸ਼ ਉਹ ਗਿਣੇ ਜਾਂਦੇ ਹਨ, ਜਿਹਨਾ ਦੀ ਉੱਚੀ ਵਿਕਾਸ ਦਰ ਹੈ। ਜਿਥੇ ਅਧਿਕ ਵਿਕਸਤ ਲੋਕਤੰਤਰ ਹੈ ਅਤੇ ਜਿਹੜਾ ਸਭ ਤੋਂ ਵੱਧ ਇਨਸਾਫ਼ ਪਸੰਦ ਹੈ। ਇਸ ਸ਼੍ਰੇਣੀ ਵਿੱਚ ਦੁਨੀਆ ਦਾ ਸਭ ਤੋਂ ਪਹਿਲਾ ਦੇਸ਼ ਨਾਰਵੇ ਹੈ, ਜਿਸਨੂੰ ਲੋਕਤੰਤਰੀ ਕਦਰਾਂ ਕੀਮਤਾਂ ਵਾਲਾ ਨਿਆਇਕ ਦੇਸ਼ ਮੰਨਿਆ ਜਾਂਦਾ ਹੈ। ਅਮਰੀਕਾ, ਬਰਤਾਨੀਆ, ਜਪਾਨ, ਜਰਮਨੀ, ਕੈਨੇਡਾ, ਫਰਾਂਸ, ਰੂਸ, ਅਸਟਰੇਲੀਆ, ਇਟਲੀ, ਸਵੀਡਨ ਅਤੇ ਸਵਿੱਟਰਜਲੈਂਡ ਵੀ ਇਸੇ ਸ਼੍ਰੇਣੀ ਦੇ ਭਾਵ ਵਿਕਸਤ ਦੇਸ਼ ਹਨ।

ਭਾਵੇਂ ਆਈ ਐਮ ਐਫ ਦੇ ਅਨੁਸਾਰ ਭਾਰਤ ਦੀ ਇਸ ਵਕਤ ਜੀਡੀਪੀ 3.74 ਟ੍ਰਿਲੀਅਨ ਡਾਲਰ ਹੈ, ਪਰ ਲੋਕਤੰਤਰੀ ਕਦਰਾਂ ਕੀਮਤਾਂ ਅਤੇ ਨਿਆਇਕ ਦੇਸ਼ ਪੱਖੋਂ ਇਸ ਦੇਸ਼ ਤੇ ਪਿਛਲੇ ਇੱਕ ਦਹਾਕੇ ਤੋਂ ਲਗਾਤਾਰ ਸਵਾਲ ਉਠ ਰਹੇ ਹਨ।

ਦੇਸ਼ ਵਿਸ਼ਵ ਗੁਰੂ ਦਾ ਲਕਬ ਵਰਤ ਰਿਹਾ ਹੈ, ਪਰ ਮਹਿੰਗਾਈ, ਬੇਰਜ਼ੁਗਾਰੀ, ਆਰਥਿਕ ਨਾਬਰਾਬਰੀ ਦਾ ਸ਼ਿਕੰਜਾ ਦੇਸ਼ ਉਤੇ ਸਿਖ਼ਰਾਂ ਦਾ ਹੈ। ਨਫ਼ਰਤੀ ਵਰਤਾਰੇ, ਨਫ਼ਰਤੀ ਭਾਸ਼ਨ, ਧਰਮ ਧਰੁਵੀਕਰਨ ਦੀ ਸਿਆਸਤ ਨੇ ਦੇਸ਼ ਦਾ ਨਾਂਅ, ਲੋਕਤੰਤਰੀ ਕਦਰਾਂ ਕੀਮਤਾਂ ਚ ਧੁੰਦਲਾ ਕੀਤਾ ਹੈ। ਦੇਸ਼ ਚ ਗਰੀਬਾਂ, ਦਲਿਤਾਂ, ਪੱਛੜਿਆਂ, ਆਦਿਵਾਸੀਆਂ, ਘੱਟ ਗਿਣਤੀਆਂ ਸਮੇਤ ਮੁਸਲਮਾਨਾਂ ਨਾਲ ਵਿਵਹਾਰ ਹਾਕਮਾਂ ਦੇ ਵੰਡ ਪਾਊ ਰਵੱਈਏ ਦੀ ਵੱਡੀ ਉਦਾਹਰਨ ਹਨ।

ਦੇਸ਼ ਵਿੱਚ ਜਿਸ ਢੰਗ ਨਾਲ ਫਿਰਕੂ ਨਫ਼ਰਤ, ਆਪਸੀ ਬੇਭਰੋਸਗੀ, ਸ਼ੱਕ -ਸ਼ੁਬਹਾ ਅਤੇ ਜ਼ਹਿਰ ਵਧ ਰਿਹਾ ਹੈ, ਉਹ ਕਿਸੇ ਵੀ ਨਿਆਇਕ ਮੁਲਕ ਵਿੱਚ ਤਰਕ ਸੰਗਤ ਨਹੀਂ, ਸਗੋਂ ਅਨਿਆ ਹੈ, ਬੇਇੰਨਸਾਫੀ ਹੈ।

ਦੇਸ਼ ਵਿੱਚ ਬਦਲਦੀਆਂ ਡਿਕਟੇਟਰਾਨਾ ਸਮੀਕਰਨਾਂ ਕਾਰਨ ਨਵੀਆਂ ਸਮੱਸਿਆਵਾਂ, ਮੁੱਦੇ ਅਤੇ ਪ੍ਰਸਥਿਤੀਆਂ ਪੈਦਾ ਹੋ ਰਹੀਆਂ ਹਨ। ਇਹ ਪ੍ਰਸਥਿਤੀਆਂ ਚਿੰਤਾਜਨਕ ਹਨ। ਇਹ ਕਿਸੇ ਵੀ ਵਿਕਾਸਸ਼ੀਲ ਦੇਸ਼ ਦੇ ਵਿਕਸਤ ਦੇਸ਼ ਦਾ ਪੈਂਡਾ ਤਹਿ ਕਰਨ ਲਈ ਵੱਡੀ ਰੁਕਾਵਟ ਹਨ। ਦੇਸ਼ ਚ ਘੱਟ ਗਿਣਤੀਆਂ ਨੂੰ ਮਨ ਤੋਂ ਹੀ ਦੋ ਨੰਬਰ ਦੇ ਸ਼ਹਿਰੀ ਗਰਦਾਨ ਦੇਣਾ, ਗਰੀਬ ਗੁਰਬਿਆਂ ਦੀ ਸਾਰ ਨਾ ਲੈ ਕੇ ਧੰਨ ਕੁਬੇਰਾਂ ਦਾ ਪੱਖ ਪੂਰਨਾ, ਦੇਸ਼ ਦੀ ਕੁਦਰਤੀ ਅਤੇ ਸਰਕਾਰੀ ਸੰਪਤੀ ਕਾਰਪੋਰੇਟਾਂ ਹੱਥ ਸੌਂਪਕੇ ਦੇਸ਼ @ਚ ਆਮ ਲੋਕਾਂ ਦੀ ਲੁੱਟ ਅਤੇ ਆਰਥਿਕ ਨਾ ਬਰਾਬਰੀ ਦਾ ਰਾਹ ਪੱਧਰਾ ਕਰਨਾ, ਵਿਕਸਤ ਦੇਸ਼ ਵੱਲ ਵਧਣ ਵਾਲੇ ਕਦਮ ਚ ਜੰਜ਼ੀਰ ਪਾਉਣ ਸਮਾਨ ਹੈ।ਬਿਨ੍ਹਾਂ ਸ਼ੱਕ ਦੇਸ਼ ਦੇ ਵਿਗਿਆਨਕਾਂ ਵਲੋਂ ਪੁਲਾੜੀ ਪੁਲਾਘਾਂ ਪੁੱਟੀਆਂ ਜਾ ਰਹੀਆਂ ਹਨ, ਆਰਟੀਫੀਸ਼ੀਅਲ ਇੰਨਟੈਲੀਜੈਂਸ, ਸੈਮੀਕੰਡਕਟਰ, ਊਰਜਾ ਅਤੇ ਨਵੇਂ ਤਕਨੀਕੀ ਵਿਕਾਸ ਕਾਰਨ ਦੇਸ਼ ਭਾਰਤ ਨੂੰ ਆਰਥਿਕ ਵਿਕਾਸ ਦੀ ਗਤੀ ਮਿਲ ਰਹੀ ਹੈ, ਪਰ ਭਾਰਤ ਦੇ ਪਿਛਲੇ 75 ਵਰ੍ਹਿਆਂ ਦੀਆਂ ਪ੍ਰਾਪਤੀਆਂ ਸੰਤੋਸ਼ਜਨਕ ਨਹੀਂ ਰਹੀਆਂ। ਇਹਨਾ ਸਾਲਾਂ ਚ ਜਨਸੰਖਿਆ ਵਧੀ ਹੈ, ਜਿਸਨੇ ਵਿਕਰਾਲ ਰੂਪ ਧਾਰਿਆ ਹੋਇਆ ਹੈ। ਦੇਸ਼ ਦੀ ਅਰਥ ਵਿਵਸਥਾ ਸਿਰਫ ਖੇਤੀ ਤੇ ਹੀ ਨਿਰਭਰ ਰਹੀ ਹੈ, ਉਦਯੋਗ ਤੇ ਸੇਵਾ ਸੈਕਟਰ ਦਾ ਯੋਗਦਾਨ ਅਨੁਪਾਤਕ ਘੱਟ ਰਿਹਾ ਹੈ। ਇਹਨਾ ਸਾਲਾਂ ਚ ਭ੍ਰਿਸ਼ਟਾਚਾਰ ਵਧਿਆ ਹੈ ਅਤੇ ਟੈਕਨੌਲੌਜੀ ਵਰਤਣ ਚ ਅਸੀਂ ਪਿੱਛੇ ਰਹੇ ਹਾਂ। ਜ਼ਿੰਦਗੀ ਜੀਊਣ ਦੇ ਪੱਧਰ ਚ ਕੋਈ ਵਰਨਣਯੋਗ ਵਾਧਾ ਨਹੀਂ ਹੋਇਆ।

ਸਾਡੇ ਪਿੰਡਾਂ ਦੇ ਲੱਖਾਂ ਲੋਕ ਹੁਣ ਵੀ ਹਰ ਰੋਜ਼ ਭੁੱਖੇ ਸੌਂਦੇ ਹਨ ਅਤੇ ਸਕੂਲਾਂ, ਹਸਪਤਾਲਾਂ, ਸੜਕਾਂ ਜਿਹੀਆਂ ਬੁਨਿਆਦੀ ਲੋੜਾਂ ਤੋਂ ਵਿਰਵੇ ਹਨ। ਸ਼ਹਿਰਾਂ ਚ ਕਚਰੇ ਦੇ ਢੇਰ ਹਨ, ਪਾਣੀ, ਬਿਜਲੀ ਦਾ ਸੰਕਟ ਹਰ ਵੇਲੇ ਮੰਡਰਾਉਂਦਾ ਹੈ।

ਸਭ ਤੋਂ ਵੱਡੀ ਤ੍ਰਾਸਦੀ ਤਾਂ ਇਹ ਹੈ ਕਿ ਜਿਹਨਾ ਸਿਆਸਤਦਾਨਾਂ ਨੇ ਦੇਸ਼ ਦੀ ਦਿੱਖ ਸੁਆਰਨੀ ਹੈ, ਲੋਕਾਂ ਲਈ ਸੁਵਿਧਾਵਾਂ ਦਾ ਪ੍ਰਬੰਧ ਕਰਨਾ ਹੈ, ਉਹ ਰਾਜ ਨੇਤਾ ਬੱਸ ਮਾਈ ਬਾਪ ਰਾਜੇ ਬਨਣ ਵੱਲ ਤੁਰੇ ਹੋਏ ਹਨ।

ਵਿਕਸਤ ਦੇਸ਼ਾਂ ਦੇ ਲੋਕ ਆਪਣੇ ਜੀਵਨ ਨੂੰ ਬਿਹਤਰ ਬਨਾਉਣ ਦੀਆਂ ਮੰਗਾਂ ਤੇ ਵੋਟਾਂ ਦਿੰਦੇ ਹਨ, ਪਰ ਸਾਡੇ ਦੇਸ਼ ਦੇ ਲੋਕਾਂ ਨੂੰ ਧਰਮ ਧਰੁਵੀਕਰਨ ਦੀ ਰਾਜਨੀਤੀ ਨਾਲ ਹਾਕਮਾਂ ਨੇ ਉਲਝਾਇਆ ਹੋਇਆ ਹੈ। ਇਸ ਲਈ ਸੰਯੁਕਤ ਰਾਸ਼ਟਰ ਸੰਘ, ਵਿਸ਼ਵ ਬੈਂਕ, ਵਿਸ਼ਵ ਵਪਾਰ ਸੰਗਠਨ ਅਤੇ ਵਿਸ਼ਵ ਆਰਥਿਕ ਮੰਚ ਜਿਹੀਆਂ ਏਜੰਸੀਆਂ ਵਲੋਂ ਹੇਠਲੀ ਮੱਧ ਆਮਦਨ ਵਰਗ ਵਾਲੇ ਦੇਸ਼ਾਂ ਦੀ ਸੂਚੀ ਚ ਸ਼ਾਮਲ ਭਾਰਤ ਵਰਗੇ ਦੇਸ਼ ਲਈ ਵਿਕਾਸਸ਼ੀਲ ਦੇਸ਼ ਤੋਂ ਵਿਕਸਤ ਦੇਸ਼ ਦੀ ਲਕੀਰ ਨੂੰ ਲੰਘਣਾ ਸੌਖਾ ਨਹੀਂ। ਇਸ ਵੇਲੇ ਭਾਰਤੀ ਲੋਕਤੰਤਰ ਨੂੰ ਜਨਸੰਖਿਆ, ਨਿਆਂ ਸਬੰਧੀ, ਲੋਕਤੰਤਰੀ ਕਦਰਾਂ ਕੀਮਤਾਂ ਸਬੰਧੀ ਚਣੌਤੀਆਂ ਹਨ। ਭਾਰਤੀ ਲੋਕਤੰਤਰ ਬਣੇ ਰਹਿਣ ਲਈ ਸੰਘਰਸ਼ ਕਰ ਰਹੇ ਹਨ।

ਭਾਰਤੀ ਇਸ ਆਸ ਚ ਬੈਠੇ ਹਨ ਕਿ ਉਹਨਾ ਨੂੰ ਨਿਰਪੱਖ ਤੌਰ ਤੇ ਵਿਗਸਣ ਦਾ ਮੌਕਾ ਮਿਲੇ ਅਤੇ ਉਹਨਾ ਉਤੇ ਕੁਝ ਵੀ ਜ਼ਬਰੀ ਨਾ ਥੋਪਿਆ ਜਾਵੇ, ਨਹੀਂ ਤਾਂ ਵਿਕਸਤ ਦੇਸ਼ ਦਾ ਦਰਜਾ ਪ੍ਰਾਪਤ ਕਰਨਾ ਦੇਸ਼ ਲਈ ਔਖਾ ਹੋ ਜਾਏਗਾ।

# ਜਦੋਂ ਸਾਹਿਤਕਾਰਾਂ ਲਈ ਮੰਗਾਏ ਸਮੋਸਿਆਂ ਨੇ ਭਸੂੜੀ ਪਾਈ



ਉਜਾਗਰ ਸਿੰਘ
ਮੋਬਾਈਲ-94178 13072
ujagarsinghDH@yahoo.com

ਗੱਲ 1975 ਦੀ ਹੈ, ਜਦੋਂ ਮੈਂ ਲੋਕ ਸੰਪਰਕ ਵਿਭਾਗ ਪੰਜਾਬ ਦੇ ਮਾਸਕ ਰਸਾਲੇ ਜਾਗ੍ਰਤੀ ਪੰਜਾਬੀ ਦਾ ਸਹਾਇੱਕ ਸੰਪਾਦਕ ਲੱਗਿਆ ਹੋਇਆ ਸੀ। ਮਰਹੂਮ ਸੁਖਪਾਲਵੀਰ ਸਿੰਘ ਹਸਰਤ ਜੋ ਪੰਜਾਬੀ ਦੇ ਕਵੀ ਸਨ, ਉਹ ਲੋਕ ਸੰਪਰਕ ਅਧਿਕਾਰੀ ਪੰਜਾਬੀ ਅਤੇ ਲੋਕ ਸੰਪਰਕ ਵਿਭਾਗ ਦੇ ਜਾਗ੍ਰਤੀ ਪੰਜਾਬੀ ਰਸਾਲੇ ਦੇ ਸੰਪਾਦਕ ਸਨ। ਪੰਜਾਬ ਸਕੱਤਰੇਤ ਦੀ ਪੰਜਵੀਂ ਮੰਜ਼ਿਲ ਤੇ ਲੋਕ ਸੰਪਰਕ ਵਿਭਾਗ ਦਾ ਦਫਤਰ ਸੀ। ਸੁਖਪਾਲਵੀਰ ਸਿੰਘ ਹਸਰਤ ਦਾ ਕੈਬਿਨ ਇਮਾਰਤ ਦੇ ਬਿਲਕੁਲ ਨੁੱਕਰ ਤੇ ਸੀ। ਅਸੀਂ ਪੰਜਾਬੀ ਸ਼ੈਕਸ਼ਨ ਵਿੱਚ ਦੋ ਨਿਬੰਧਕਾਰ ਮਰਹੂਮ ਸੁਰਿੰਦਰ ਮੋਹਨ ਸਿੰਘ ਅਤੇ ਮੈਂ, ਦੋ ਅਨੁਵਾਦਕ ਮਰਹੂਮ ਬੰਸੀ ਲਾਲ ਤੇ ਬਲਵਿੰਦਰ ਕੌਰ, ਇੱਕ ਪਰੂਫ ਰੀਡਰ ਪ੍ਰੀਤਮ ਸਿੰਘ, ਇੱਕ ਸਟੈਨੋ ਟਾਈਪਿਸਟ ਗੁਰਦਾਸ ਸਿੰਘ ਅਤੇ ਇੱਕ ਸੇਵਾਦਾਰ ਦੇਸ ਰਾਜ ਹੁੰਦਾ ਸੀ। ਦੇਸ ਰਾਜ ਵੇਖਣ ਪਾਖਣ ਨੂੰ ਸੇਵਾਦਾਰ ਨਹੀਂ ਸਗੋਂ ਅਧਿਕਾਰੀ ਲਗਦਾ ਸੀ। ਉਹ ਬਣ ਠਣ ਕੇ ਰਹਿੰਦਾ ਸੀ। ਅਨੁਵਾਦਕਾਂ ਦਾ ਕੀਤਾ ਅਨੁਵਾਦ ਨਿਬੰਧਕਾਰ ਦਰੁਸਤ ਕਰਦੇ ਸਨ। ਸੁਰਿੰਦਰ ਮੋਹਨ ਸਿੰਘ ਅਨੁਵਾਦ ਕਰਨ ਦੇ ਮਾਹਿਰ ਸਨ ਕਿਉਂਕਿ ਉਹ ਪਹਿਲਾਂ ਅਨੁਵਾਦਕ ਵੀ ਰਹੇ ਸਨ। ਉਨ੍ਹਾਂ ਦਾ ਸਾਡੇ ਸਾਰਿਆਂ ਨਾਲੋਂ ਤਜ਼ਰਬਾ ਜ਼ਿਆਦਾ ਸੀ। ਅਖੀਰ ਵਿੱਚ ਪੀ।ਆਰ।? ਪੰਜਾਬੀ ਅਨੁਵਾਦ ਦਰੁੱਸਤ ਕਰਕੇ ਆਪਣੀ ਮੋਹਰ ਲਾਉਂਦਾ ਸੀ। ਪੰਜਾਬੀ ਸ਼ਾਖਾ ਦੀ ਜਾਗ੍ਰਤੀ ਪੰਜਾਬੀ ਦੇ ਰਸਾਲੇ ਅਤੇ ਲੋਕ ਸੰਪਰਕ ਵਿਭਾਗ ਵੱਲੋਂ ਪ੍ਰਕਾਸ਼ਿਤ ਕੀਤੀ ਜਾਣ ਵਾਲੀ ਪੰਜਾਬੀ ਦੀ ਪ੍ਰਚਾਰ ਸਮੱਗਰੀ ਨੂੰ ਪ੍ਰਕਾਸ਼ਤ ਕਰਵਾਉਣ ਦੀ ਜ਼ਿੰਮੇਵਾਰੀ ਹੁੰਦੀ ਸੀ। ਰਸਾਲੇ ਵਿੱਚ ਕਿਹੜਾ ਮੈਟਰ ਪ੍ਰਕਾਸ਼ਤ ਕਰਨਾ ਹੈ, ਇਸ ਦੀ ਚੋਣ ਇੱਕੱਲਾ ਸੁਖਪਾਲਵੀਰ ਸਿੰਘ ਹਸਰਤ ਹੀ ਕਰਦਾ ਸੀ। ਮੈਟਰ ਦੀ ਚੋਣ ਵਿੱਚ ਉਹ ਹੋਰ ਕਿਸੇ ਤੇ ਵਿਸ਼ਵਾਸ ਨਹੀਂ ਕਰਦਾ ਸੀ। ਉਹ ਪੰਜਾਬੀ ਦਾ ਪ੍ਰਗਤੀਵਾਦੀ/ਸ਼ਕਤੀਵਾਦ ਲਹਿਰ ਦਾ ਮੰਨਿਆਂ ਪ੍ਰਮੰਨਿਆਂ ਕਵੀ ਸੀ, ਜਿਸ ਨੂੰ ਸਾਹਿਤ ਅਕਾਡਮੀ ਦਾ ਅਵਾਰਡ ਮਿਲਿਆ ਹੋਇਆ ਸੀ। ਸਹਾਇੱਕ ਸੰਪਾਦਕ ਅਤੇ ਪਰੂਫ ਰੀਡਰ ਦਾ ਕੰਮ ਪ੍ਰਿੰਟਿੰਗ ਪ੍ਰੈਸ ਵਿੱਚ ਜਾ ਕੇ ਰਸਾਲਾ ਪ੍ਰਕਾਸ਼ਿਤ ਕਰਵਾਉਣਾ ਹੁੰਦਾ ਸੀ। ਉਦੋਂ ਰਸਾਲਾ ਕੇਂਦਰ ਸ਼ਾਸ਼ਤ ਪ੍ਰਦੇਸ਼ ਚੰਡੀਗੜ੍ਹ ਦੇ 18 ਸੈਕਟਰ ਦੀ ਸਰਕਾਰੀ ਪ੍ਰੈਸ ਵਿੱਚ ਪ੍ਰਕਾਸ਼ਤ ਹੁੰਦਾ ਸੀ। ਸਿੱਕੇ ਦੀ ਕੰਪੋਜਿੰਗ ਹੱਥ ਨਾਲ ਕੀਤੀ ਜਾਂਦੀ ਸੀ। ਉਦੋਂ ਕੰਪਿਊਟਰ ਅਜੇ ਆਏ ਨਹੀਂ ਸਨ। ਪ੍ਰੈਸ ਵਿੱਚ ਖੱਜਲ ਖ਼ੁਆਰੀ ਬੜੀ ਹੁੰਦੀ ਸੀ। ਇਸ ਸ਼ਾਖਾ ਵਿੱਚ ਬਹੁਤ ਸਾਰੇ ਸਾਹਿਤਕਾਰ ਅਤੇ ਪ੍ਰੈਸਾਂ ਵਾਲੇ ਮਾਲਕ ਤੇ ਕਰਮਚਾਰੀ ਆਉਂਦੇ ਰਹਿੰਦੇ ਸਨ। ਇਸ ਲਈ ਉਨ੍ਹਾਂ ਦੀ ਆ? ਭਗਤ ਲਈ ਚਾਹ ਪਾਣੀ ਆਪਣੀ ਜੇਬ ਵਿੱਚੋਂ ਪਿਲਾਉਣਾ ਪੈਂਦਾ ਸੀ। ਹੁਣ ਤਾਂ ਸਰਕਾਰ ਚਾਹ ਪਾਣੀ ਪਿਲਾਉਣ ਲਈ ਸਰਕਾਰੀ ਖ਼ਰਚੇ ਵਿੱਚੋਂ ਕਰਨ ਦੇ ਅਧਿਕਾਰ ਅਧਿਕਾਰੀਆਂ ਨੂੰ ਦਿੱਤੇ ਹੋਏ ਹਨ। ਸੁਖਪਾਲਵੀਰ ਸਿੰਘ ਹਸਰਤ ਬੜਾ ਕੰਜੂਸ ਕਿਸਮ ਦਾ ਅਧਿਕਾਰੀ ਸੀ। ਉਦੋਂ ਲੋਕ ਸੰਪਰਕ ਅਧਿਕਾਰੀ ਦੀ ਤਨਖ਼ਾਹ ਵੀ ਪੁਰਾਣੇ ਗਰੇਡ ਵਿੱਚ ਥੋੜ੍ਹੀ ਹੁੰਦੀ ਸੀ। ਉਹ ਪੰਜਾਬੀ ਦਾ ਕਵੀ ਹੋਣ ਕਰਕੇ, ਉਸ ਕੋਲ ਬਹੁਤ ਸਾਰੇ ਸਾਹਿਤਕਾਰ ਆਪਣੀਆਂ ਰਚਨਾਵਾਂ ਜਾਗ੍ਰਤੀ ਪੰਜਾਬੀ ਵਿੱਚ ਪ੍ਰਕਾਸ਼ਤ ਕਰਵਾਉਣ ਲਈ ਦੇਣ ਵਾਸਤੇ ਆਉਂਦੇ ਜਾਂਦੇ ਰਹਿੰਦੇ ਸਨ। ਉਦੋਂ ਈ ਮੇਲ ਦਾ ਰਿਵਾਜ ਨਹੀਂ ਹੁੰਦਾ ਸੀ। ਸਰਕਾਰੀ ਰਸਾਲਾ ਹੋਣ ਕਰਕੇ ਲੇਖਕਾਂ ਨੂੰ ਸੇਵਾ ਫਲ ਵੀ ਦਿੱਤਾ ਜਾਂਦਾ ਸੀ। ਜਿਸ ਕਰਕੇ



**ਫੋਟੋਗ੍ਰਾਫਰ ਤਸਵੀਰਾਂ ਦੇਣ ਲਈ ਵੀ ਆਉਣ ਲੱਗ ਪਏ। ਜਾਣੀ ਕਿ ਪੰਜਾਬੀ ਸ਼ੈਕਸ਼ਨ ਵਿੱਚ ਕੋਈ ਨਾ ਕੋਈ ਮਹਿਮਾਨ ਆਇਆ ਹੀ ਰਹਿੰਦਾ ਸੀ। ਉਸ ਸਮੇਂ ਸਕੱਤਰੇਤ ਦੀ ਕੰਨਟੀਨ ਵਿੱਚ ਚਾਹ ਅਤੇ ਖਾਣ ਪੀਣ ਦਾ ਸਾਮਾਨ ਸਬਸੀਡਾਈਜਡ ਦਰਾਂ 'ਤੇ ਬਹੁਤ ਹੀ ਸਸਤਾ ਹੁੰਦਾ ਸੀ। ਆਮ ਤੌਰ ਤੇ ਹਸਰਤ ਸਾਹਿਬ ਮਹਿਮਾਨਾ ਨੂੰ ਚਾਹ ਪਿਲਾਉਣ ਦੇ ਬਹੁਤਾ ਹੱਕ ਵਿੱਚ ਨਹੀਂ ਸਨ। ਜੇਕਰ ਪਿਲਾਉਣੀ ਪਵੇ ਤਾਂ ਬਹੁਤੀ ਵਾਰ ਮਹਿਮਾਨਾ ਨੂੰ ਕੰਨਟੀਨ ਵਿੱਚ ਹੀ ਚਾਹ ਪਿਲਾਉਣ ਲਈ ਲੈ ਜਾਂਦੇ ਸਨ ਕਿਉਂਕਿ ਦਫ਼ਤਰ ਵਿੱਚ ਮੌਕੇ ਤੇ ਹੋਰ ਸਾਹਿਤਕਾਰ ਆ ਜਾਂਦੇ ਸਨ।**

ਬਹੁਤੇ ਸਾਹਿਤਕਾਰ ਸਰਕਾਰੀ ਰਸਾਲੇ ਵਿੱਚ ਰਚਨਾਵਾਂ ਪ੍ਰਕਾਸ਼ਤ ਕਰਵਾਉਣ ਦੇ ਚਾਹਵਾਨ ਆਉਂਦੇ ਰਹਿੰਦੇ ਸਨ। ਵੈਸੇ ਤਾਂ ਇਹ ਰਸਾਲਾ ਸਰਕਾਰੀ ਪ੍ਰਚਾਰ ਲਈ ਹੀ ਸ਼ੁਰੂ ਕੀਤਾ ਸੀ ਪ੍ਰੰਤੂ ਸੁਖਪਾਲਵੀਰ ਸਿੰਘ ਹਸਰਤ ਨੇ ਆਪਣਾ ਅਸਰ ਰਸੂਖ ਵਰਤਕੇ ਵਿਭਾਗ ਤੋਂ ਸਾਹਿਤਕ ਰਚਨਾਵਾਂ ਪ੍ਰਕਾਸ਼ਤ ਕਰਨ ਦੀ ਪ੍ਰਵਾਨਗੀ ਲੈ ਲਈ ਸੀ। ਉਸ ਦੀ ਦਲੀਲ ਵੀ ਵਾਜਬ ਸੀ ਕਿਉਂਕਿ ਪ੍ਰਚਾਰ ਸਮੱਗਰੀ ਨੂੰ ਲੋਕ ਪੜ੍ਹਦੇ ਨਹੀਂ, ਜੇਕਰ ਸਾਹਿਤਕ ਰਚਨਾਵਾਂ ਹੋਣਗੀਆਂ ਤਾਂ ਲੋਕ ਪੜ੍ਹ ਲੈਣਗੇ। ਰਸਾਲੇ ਦੇ ਟਾਈਟਲ ਦੇ ਚਾਰੇ ਪੰਨਿਆਂ 'ਤੇ ਮੰਤਰੀਆਂ ਦੀਆਂ ਤਸਵੀਰਾਂ ਪ੍ਰਕਾਸ਼ਿਤ ਹੁੰਦੀਆਂ ਸਨ। ਸੁਖਪਾਲਵੀਰ ਸਿੰਘ ਹਸਰਤ ਨੇ ਟਾਈਟਲ ਦੇ ਪਹਿਲੇ ਅਤੇ ਚੌਥੇ ਪੰਨੇ ਤੇ ਕੋਈ ਹੋਰ ਦਿਲਚਸਪ ਤਸਵੀਰ ਪ੍ਰਕਾਸ਼ਤ ਕਰਨ ਦੀ ਵੀ ਪ੍ਰਵਾਨਗੀ ਲੈ ਲਈ ਸੀ। ਇਸ ਪ੍ਰਕਾਰ ਫੋਟੋਗ੍ਰਾਫਰ ਤਸਵੀਰਾਂ ਦੇਣ ਲਈ ਵੀ ਆਉਣ ਲੱਗ ਪਏ। ਜਾਣੀ ਕਿ ਪੰਜਾਬੀ ਸ਼ੈਕਸ਼ਨ ਵਿੱਚ ਕੋਈ ਨਾ ਕੋਈ ਮਹਿਮਾਨ ਆਇਆ ਹੀ ਰਹਿੰਦਾ ਸੀ। ਉਸ ਸਮੇਂ ਸਕੱਤਰੇਤ ਦੀ ਕੰਨਟੀਨ ਵਿੱਚ ਚਾਹ ਅਤੇ ਖਾਣ ਪੀਣ ਦਾ ਸਾਮਾਨ ਸਬਸੀਡਾਈਜਡ ਦਰਾਂ 'ਤੇ ਬਹੁਤ ਹੀ ਸਸਤਾ ਹੁੰਦਾ ਸੀ। ਆਮ ਤੌਰ ਤੇ ਹਸਰਤ ਸਾਹਿਬ ਮਹਿਮਾਨਾ ਨੂੰ ਚਾਹ ਪਿਲਾਉਣ ਦੇ ਬਹੁਤਾ ਹੱਕ ਵਿੱਚ ਨਹੀਂ ਸਨ। ਜੇਕਰ ਪਿਲਾਉਣੀ ਪਵੇ ਤਾਂ ਬਹੁਤੀ ਵਾਰ ਮਹਿਮਾਨਾ ਨੂੰ ਕੰਨਟੀਨ ਵਿੱਚ ਹੀ ਚਾਹ ਪਿਲਾਉਣ ਲਈ ਲੈ ਜਾਂਦੇ ਸਨ ਕਿਉਂਕਿ ਦਫ਼ਤਰ ਵਿੱਚ ਮੌਕੇ ਤੇ ਹੋਰ ਸਾਹਿਤਕਾਰ ਆ ਜਾਂਦੇ ਸਨ। ਕੰਨਟੀਨ ਵਿੱਚ ਉਸਦੀ ਕੋਸਿਸ਼ ਹੁੰਦੀ ਸੀ ਕਿ ਮਹਿਮਾਨ ਈ ਚਾਹ ਦੇ ਪੈਸੇ ਦੇ ਦੇਵੇ। ਅਸਲ ਵਿੱਚ ਉਦੋਂ ਪੀ।ਆਰ।? ਦੀ ਤਨਖ਼ਾਹ ਵੀ ਤਿੰਨ ਫਿਗਰਾਂ ਵਿੱਚ ਹੀ ਹੁੰਦੀ ਸੀ। ਦੇਸ ਰਾਜ ਸੇਵਾਦਾਰ ਵਾਰ-ਵਾਰ ਚਾਹ ਲੈਣ ਜਾਣ ਤੋਂ ਕੰਨੀ ਕਤਰਾਉਂਦਾ ਸੀ। ਉਹ ਦਫ਼ਤਰ ਤੋਂ ਬਾਹਰਲੇ ਲੋਕਾਂ ਨੂੰ ਆਪਣੇ ਆਪ ਨੂੰ ਅਧਿਕਾਰੀ ਹੀ ਦੱਸਦਾ ਸੀ। ਉਨ੍ਹਾਂ ਦਿਨਾਂ ਵਿੱਚ ਸਰਕਾਰੀ ਕੰਨਟੀਨ ਵਿੱਚ ਚਾਹ ਦਾ ਕੱਪ 10 ਪੈਸੇ, ਹਾਫਸੈਟ 40 ਪੈਸੇ, ਫੁਲ ਸੈਟ 60 ਪੈਸੇ, ਸਮੋਸਾ, ਬੇਸਣ, ਗੁਲਾਬ ਜਾਮਣ, ਜਲੇਬੀਆਂ ਆਦਿ ਵੀ ਬਹੁਤ ਘੱਟ ਦਰਾਂ 20-20 ਪੈਸੇ ਦੀਆਂ ਹੀ ਮਿਲਦੀਆਂ ਸਨ। ਸੇਵਾਦਾਰ ਦੇਸ ਰਾਜ ਅੱਕਿਆ ਰਹਿੰਦਾ ਸੀ। ਕਈ ਵਾਰੀ ਚਾਹ ਪਾਣੀ ਲੈਣ ਗਿਆ ਮਹਿਮਾਨਾ ਦੇ ਜਾਣ ਤੋਂ ਬਾਅਦ ਆਉਂਦਾ ਸੀ, ਤਾਂ ਜੋ ਉਸ ਨੂੰ ਚਾਹ ਲੈਣ ਲਈ ਅੱਗੇ ਤੋਂ ਭੇਜਿਆ ਨਾ ਜਾਵੇ। । ਦੇਸ ਰਾਜ ਦਾ ਬਹਾਨਾਂ ਇਹ ਹੁੰਦਾ ਸੀ ਕਿ ਕੰਨਟੀਨ ਵਿੱਚ ਭੀੜ ਬਹੁਤ ਸੀ। ਸੁਖਪਾਲਵੀਰ ਸਿੰਘ ਹਸਰਤ ਸਾਹਿਬ ਦੀ ਵੀ ਕੋਸ਼ਿਸ਼ ਹੁੰਦੀ ਸੀ ਕਿ ਦੇਸ ਰਾਜ ਨੂੰ ਚਾਹ ਲੈਣ ਭੇਜਿਆ ਨਾ ਜਾਵੇ। ਸਾਰੇ ਸੇਵਾਦਾਰ ਚੰਡੀਗੜ੍ਹ ਦੇ ਆਸ ਪਾਸ ਦੇ ਪਿੰਡਾਂ ਦੇ ਸਨ। ਪੰਜਾਬੀ ਸ਼ੈਕਸ਼ਨ ਵਿੱਚ ਹੋਰ ਕੋਈ ਸੇਵਾਦਾਰ ਆਉਣ ਨੂੰ ਤਿਆਰ ਹੀ ਨਹੀਂ ਸੀ। ਸਵੇਰੇ ਪਹਿਲਾਂ ਉਹ ਆਪੋ ਆਪਣੇ ਪਿੰਡਾਂ ਤੋਂ ਦੁੱਧ ਅਤੇ ਸਬਜ਼ੀਆਂ ਲੈ ਕੇ ਵੱਡੇ ਪ੍ਰਬੰਧਕੀ ਅਧਿਕਾਰੀਆਂ ਦੇ ਘਰਾਂ ਵਿੱਚ ਦੇ ਕੇ ਆਉਂਦੇ ਸਨ ਅਤੇ ਉਨ੍ਹਾਂ ਦੀਆਂ ਸਿਫ਼ਾਰਸ਼ਾਂ ਨਾਲ ਹੀ ਭਰਤੀ ਹੋਏ ਹੁੰਦੇ ਸਨ। ਸਰਕਾਰੀ ਨੌਕਰੀ ਤਾਂ ਉਹ ਰੂੰਗੇ ਵਿੱਚ ਹੀ ਕਰਦੇ ਸਨ। ਇਸ ਲਈ ਉਹ ਬਹੁਤਾ ਵਿਭਾਗ ਦੇ ਅਧਿਕਾਰੀਆਂ ਨੂੰ ਗੌਲਦੇ ਨਹੀਂ ਸਨ। ਇੱਕ ਦਿਨ ਸੁਖਪਾਲਵੀਰ ਸਿੰਘ ਹਸਰਤ ਕੋਲ ਪ੍ਰਿੰਸੀਪਲ ਤਖ਼ਤ ਸਿੰਘ ਗ਼ਜ਼ਲਗੋ ਅਤੇ ਇੱਕ ਹੋਰ ਦੋ ਵੱਡੇ ਸਾਹਿਤਕਾਰ ਆ ਗਏ। ਹਸਰਤ ਸਾਹਿਬ ਨੇ ਦੇਸ ਰਾਜ ਨੂੰ ਬੁਲਾਇਆ ਅਤੇ ਪੰਜ ਰੁਪਏ ਦਾ ਨੋਟ ਦੇ ਕੇ ਕਿਹਾ ਕਿ ਚਾਹ ਅਤੇ ਖਾਣ ਲਈ ਸਮੋਸੇ ਤੇ ਮਿੱਠਾ ਲੈ ਆ। ਦੇਸ ਰਾਜ ਜਦੋਂ ਕਾਫੀ ਦੇਰ ਨਾ ਆਇਆ ਤਾਂ ਹਸਰਤ ਨੇ ਆਪਣੇ ਬਜ਼ੁਰਗ ਸਟੈਨੋ ਗੁਰਦਾਸ ਸਿੰਘ ਨੂੰ ਦੇਸ ਰਾਜ ਦਾ ਪਤਾ ਕਰਨ ਲਈ ਭੇਜਿਆ। ਜਦੋਂ ਦੇਸ ਰਾਜ ਆਇਆ ਤਾਂ ਉਸ ਨੇ ਦੋ ਵੱਡੇ ਲਿਫਾਫੇ ਮੇਜ ਤੇ ਰੱਖ ਦਿੱਤੇ ਅਤੇ ਚਾਹ ਕੱਪਾਂ ਵਿੱਚ ਪਾਉਣ ਲੱਗ ਪਿਆ। ਸੁਖਪਾਲਵੀਰ ਸਿੰਘ ਹਸਰਤ ਲਿਫਾਫੇ ਵੇਖ ਕੇ ਅੱਗ ਬਬੂਲਾ ਹੋ ਗਿਆ ਕਿਉਂਕਿ ਦੇਸ ਰਾਜ ਚਾਹ ਦਾ ਫੁਲਸੈਟ ਅਤੇ ਬਾਕੀ ਸਾਰੇ ਪੈਸਿਆਂ ਦੇ 11 ਸਮੋਸੇ ਅਤੇ 11ਮੱਠੀਆਂ ਲੈ ਆਇਆ ਸੀ। ਦੇਸ ਰਾਜ ਨੇ ਕਿਹਾ ਕਿ ਤੁਸੀਂ ਤਾਂ ਚਾਹ ਅਤੇ ਸਮੋਸੇ ਲਿਆਉਣ ਲਈ ਕਿਹਾ ਸੀ, ਮੈਂ ਲੈ ਆਇਆ, ਤੁਸੀਂ ਇਹ ਤਾਂ ਨਹੀਂ ਕਿਹਾ ਕਿ ਕਿਤਨੇ ਲਿਆਉਣੇ ਹਨ। ਮੈਂ ਤਾਂ ਸਮੋਸੇ ਬਣਵਾ ਕੇ ਲਿਆਇਆ ਹਾਂ ਤਾਂ ਹੀ ਦੇਰੀ ਹੋ ਗਈ। ਬੇਸਣ ਖ਼ਤਮ ਹੋ ਗਿਆ ਸੀ, ਇਸ ਕਰਕੇ ਮੈਂ ਮੱਠੀਆਂ ਲੈ ਕੇ ਆਇਆ ਹਾਂ। ਪਹਿਲੀ ਵਾਰੀ ਸਾਰੀ ਪੰਜਾਬੀ ਸੈਕਸ਼ਨ ਨੂੰ ਸੁਖਪਾਲਵੀਰ ਸਿੰਘ ਹਸਰਤ ਨੇ ਦੇਸ ਰਾਜ ਦੀ ਬਦਨੀਤੀ ਕਰਕੇ ਸਮੋਸੇ ਅਤੇ ਮੱਠੀਆਂ ਖਵਾਈਆਂ।

**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸ਼ਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**



**Edmonton**
Sukhdev Singh Dhanoa
780 700 5022,
780 599 2000
Email:
sukhdevdhanoa@gmail.com



**Edmonton**
Parminder Singh Balluana
+1 (204) 930-3030
780 599 2000
Email:
balluana.parminder@gmail.com



**Regina**
Gurbinder Singh Gagowal
306 520 4313,
639 999 1000
Email:
gur.gago@gmail.com



**Saskatoon**
Rishi Joshi
639 742 1200
639 999 1000
Rishijoshi1990 @hotmail.com



**Winnipeg**
Amritpal Singh Kang
204 218 3852
431 733 3000
just4kang@gmail.com

ਮੁੱਖ ਦਫ਼ਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਭਾਰਤੀ ਸੂਰਬੀਰਾਂ ਦੀ ਸਮਰਥਕ ਅਮਰੀਕਨ ਔਰਤ 'ਐਗਨੀਜ਼ ਸਮੈਡਲੀ'



ਬਲਵਿੰਦਰ ਸਿੰਘ ਭੁੱਲਰ



ਔਰਤ ਦੀ ਸੋਝੀ ਆਦਮੀ ਨਾਲੋਂ ਤਿੱਖੀ ਹੁੰਦੀ ਹੈ। ਸੁਚੇਤ ਦਲੀਲਾਂ ਦੇ ਬਗੈਰ ਉਹ ਕਈ ਵਾਰ ਤੁਰੰਤ ਅਜਿਹੇ ਫੈਸਲੇ ਕਰ ਲੈਂਦੀ ਹੈ, ਜਿਹੜੇ ਆਦਮੀ ਦੇ ਸੋਚੇ ਔਖੇ ਵਿਚਾਰਾਂ ਨਾਲੋ ਵੀ ਕਿਤੇ ਵਧੀਆ ਹੁੰਦੇ ਹਨ। ਆਪਣੇ ਸੁਚੇਤ ਮਨ ਨਾਲ ਕੀਤੇ ਫੈਸਲੇ ਤੇ ਉਹ ਕੁਰਬਾਨ ਹੋਣ ਤੋਂ ਪਿੱਛੇ ਨਹੀਂ ਹਟਦੀ। ਦੁਨੀਆਂ ਭਰ ਦਾ ਇਤਿਹਾਸ ਅਜਿਹੀਆਂ ਔਰਤਾਂ ਦੀਆਂ ਉਦਾਹਰਣਾਂ ਨਾਲ ਭਰਿਆ ਪਿਆ ਹੈ। ਅਜਿਹੀ ਹੀ ਇੱਕ ਮਹਾਨ ਔਰਤ ਸ੍ਰੀ ਐਗਨੀਜ਼ ਸਮੈਡਲੀ।

ਉਸਦਾ ਜਨਮ ਤਾਂ ਅਮਰੀਕਾ ਦੇ ਸ਼ਹਿਰ ਓਜ਼ਗੁੱਡ ਵਿਖੇ ਕੋਲਾ ਕੰਪਨੀ ਵਿੱਚ ਕੰਮ ਕਰਦੇ ਪਿਤਾ ਦੇ ਘਰ ਹੋਇਆ, ਪਰ ਭਾਰਤ ਦੀ ਅਜ਼ਾਦੀ ਲਈ ਜੂਝਣ ਵਾਲੇ ਗ਼ਦਰੀਆਂ ਲਈ ਭੈਣ ਦਾ ਦਰਜਾ ਰੱਖਦੀ ਸੀ। ਇੱਥੇ ਹੀ ਬੱਸ ਨਹੀਂ ਉਹ ਚੀਨ ਦੇ ਇਨਕਲਾਬ ਦੀ ਹਮਦਰਦ ਅਤੇ ਭਾਰਤ ਦੀ ਅਜ਼ਾਦੀ ਲਈ ਸਹਿਯੋਗ ਦੇਣ ਵਾਲੀ ਜੁਝਾਰੂ ਇਨਕਲਾਬੀ ਔਰਤ ਸੀ। ਪਿਤਾ ਦੀ ਨੌਕਰੀ ਵਾਲੀ ਕੋਲਾ ਕੰਪਨੀ ਦੇ ਮਜਦੂਰਾਂ ਵੱਲੋਂ ਕੀਤੀਆਂ ਜਾਣ ਵਾਲੀ ਹੜਤਾਲਾਂ ਦਾ ਉਸਦੇ ਬਚਪਨ ਤੇ ਹੀ ਡੂੰਘਾ ਅਸਰ ਪੈ ਗਿਆ ਸੀ, ਜੋ ਉਸਦੀ ਜਿੰਦਗੀ ਦੇ ਆਖ਼ਰੀ ਸ਼ਾਹ ਤੱਕ ਨਿਭਿਆ।

ਜਵਾਨੀ ਵਿੱਚ ਪੈਰ ਧਰਦਿਆਂ ਉਹ ਇੱਕ ਪੇਂਡੂ ਸਕੂਲ ਵਿੱਚ ਅਧਿਆਪਕਾ ਲੱਗ ਗਈ ਅਤੇ ਕਈ ਸਕੂਲਾਂ ਵਿੱਚ ਉਹ ਵਿੱਦਿਆ ਵੰਡਣ ਦੀ ਸੇਵਾ ਕਰਦੀ ਰਹੀ। ਇਸ ਸਮੇਂ ਉਸਦਾ ਸੋਸਲਿਸਟ ਵਿਚਾਰਾਂ ਰੱਖਣ ਵਾਲੀਆਂ ਔਰਤਾਂ ਨਾਲ ਸੰਪਰਕ ਹੁੰਦਾ ਰਿਹਾ, ਜਿਹਨਾਂ ਤੋਂ ਉਸਨੇ ਚੰਗਾ ਪ੍ਰਭਾਵ ਲਿਆ। ਫਿਰ ਸਮੈਡਲੀ ਸਾਨਫ਼ਰਾਸਿਸਕੋ ਚਲੀ ਗਈ ਅਤੇ ਐਰਨੈਸਟੋ ਨਾਂ ਦੇ ਜਵਾਨ ਨਾਲ ਸ਼ਾਦੀ ਕਰ ਲਈ, ਪਰ ਵਿਚਾਰਾਂ ਦਾ ਵਖਰੇਵਾਂ ਹੋਣ ਕਾਰਨ ਛੇ ਕੁ ਸਾਲਾਂ ਬਾਅਦ ਉਹਨਾਂ ਦਾ ਤਲਾਕ ਹੋ ਗਿਆ ਤੇ ਉਹ ਨਿਊਯਾਰਕ ਸ਼ਹਿਰ 'ਚ ਰਹਿਣ ਲੱਗ ਪਈ। ਇਸੇ ਦੌਰਾਨ ਉੱਥੇ ਰਹਿੰਦਿਆਂ ਉਹ ਲਾਲਾ ਲਾਜਪਤ ਰਾਏ, ਐੱਮ ਐੱਨ ਰਾਏ, ਸ਼ਲੇਂਦਰ ਘੋਸ਼, ਭਗਵਾਨ ਸਿੰਘ, ਵਰਿੰਦਰਨਾਥ ਚਟੋਪਾਧਿਆਇ ਤੇ ਬਾਬੂ ਤਾਰਕਨਾਥ ਦਾਸ ਵਰਗੇ ਦੇਸ਼ ਭਗਤਾਂ ਨੂੰ ਮਿਲੀ ਅਤੇ ਭਾਰਤ ਨੂੰ ਅਜ਼ਾਦ ਕਰਾਉਣ ਲਈ ਅਮਰੀਕਾ ਵਿੱਚ ਰਹਿ ਕੇ ਕੰਮ ਕਰਦੇ ਯੋਧੇ ਗ਼ਦਰੀਆਂ ਨੂੰ ਸਹਿਯੋਗ ਦਿੰਦੀ ਰਹੀ। ਇੱਕ ਵਾਰ ਉਸ ਕੋਲੋਂ ਗ਼ਦਰੀਆਂ ਦੇ ਕੁਝ ਕਾਗਜਾਤ, ਜਿਸਨੂੰ ਅੰਗਰੇਜ ਹਕੂਮਤ ਤੇ ਅਮਰੀਕੀ ਪੁਲਿਸ 'ਕਾਲੀ ਕਾਪੀ' ਕਹਿੰਦੀ ਸੀ, ਫੜੇ ਗਏ ਅਤੇ ਉਸਨੂੰ ਗਿਰਫਤਾਰ ਕਰ ਲਿਆ। ਉਸਨੇ ਜੇਲ੍ਹ ਵਿੱਚ ਕਾਫ਼ੀ ਤਸੀਹੇ ਝੱਲੇ ਪਰ ਆਪਣੇ ਕਾਜ਼ ਤੋਂ ਨਾ ਥਿੜਕੀ, ਸਾਮਰਾਜੀ ਮੀਡੀਆ ਨੇ ਉਸਨੂੰ ਜਸੂਸ ਕਹਿ ਕੇ ਵੀ ਭੰਡਿਆ। ਰਿਹਾਅ ਹੋਣ ਉਪਰੰਤ ਉਹ ਜਰਮਨ ਚਲੀ ਗਈ ਅਤੇ ਇਨਕਲਾਬੀਆਂ ਨਾਲ ਮਿਲ ਕੇ ਕੰਮ ਕਰਨ ਵਿੱਚ ਰੁੱਝ ਗਈ।

ਜਦੋਂ ਅਮਰੀਕੀ ਸਰਕਾਰ ਨੇ ਦੇਸ਼ ਭਗਤਾਂ ਤੇ ਗ਼ਦਰੀਆਂ ਨੂੰ ਗਿਰਫਤਾਰ ਕਰਕੇ ਅੰਗਰੇਜ ਹੁਕਮਤ ਸਪੁਰਦ ਕਰਨ ਦਾ ਫੈਸਲਾ ਕੀਤਾ, ਤਾਂ ਉਹ ਸਮਝ ਗਈ ਕਿ ਇਹ ਗਿਰਫਤਾਰੀਆਂ ਦਾ ਅਰਥ ਹੈ ਫਾਂਸੀ। ਸਮੈਡਲੀ ਨੇ ਹੌਸਲਾ ਕਰਦਿਆਂ ਭਾਰਤੀ ਦੇਸ਼ ਭਗਤਾਂ ਦੇ ਦੇਸ਼ ਨਿਕਾਲੇ ਵਿਰੁੱਧ 'ਭਾਰਤ ਦੀ ਸੁਤੰਤਰਤਾ ਦੇ ਦੋਸਤ' ਨਾਂ ਦੀ ਇੱਕ ਜਥੇਬੰਦੀ ਬਣਾ ਲਈ, ਜਿਸਨੂੰ ਹੋਰ ਸੰਗਠਨਾਂ ਦੀ ਵੀ ਹਮਾਇਤ ਮਿਲ ਗਈ। ਉਸਨੇ ਭਾਰਤੀ ਅਜ਼ਾਦੀ ਘੁਲਾਟੀਆਂ ਦੇ ਮੁਕੱਦਮੇ ਲੜੇ ਅਤੇ ਉਹਨਾਂ ਨੂੰ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ। 1918 ਵਿੱਚ ਉਸਨੂੰ ਅਤੇ ਸਤਿੰਦਰ ਨਾਥ ਘੋਸ਼ ਨੂੰ ਅੰਗਰੇਜ ਹਕੂਮਤ ਵਿਰੁੱਧ ਬਗਾਵਤ ਦੇ ਦੋਸ਼ ਅਧੀਨ ਗਿਰਫਤਾਰ ਵੀ ਕਰ ਲਿਆ ਗਿਆ। ਰਿਹਾਈ ਉਪਰੰਤ ਉਹ ਭਾਰਤ ਪਹੁੰਚਣ ਦੀ ਇੱਛਾ ਰਖਦੀ ਸੀ ਪਰੰਤੂ ਬਰਤਾਨਵੀ ਸਰਕਾਰ ਨੇ ਅਜਿਹਾ ਨਾ ਹੋਣ ਦਿੱਤਾ। ਆਖ਼ਰ ਦੇਸ਼ ਭਗਤਾਂ ਦੇ ਅਖ਼ਬਾਰ 'ਕਿਰਤੀ' ਰਾਹੀਂ ਉਹ ਭਾਰਤੀ ਅਜ਼ਾਦੀ ਘੁਲਾਟੀਆਂ ਨਾਲ ਜੁੜੀ ਰਹੀ, ਇਸ ਅਖ਼ਬਾਰ ਵਿੱਚ ਉਹ ਲੇਖ ਆਦਿ ਭੇਜਦੀ ਰਹਿੰਦੀ।

ਇਸ ਦੌਰਾਨ ਚੀਨ ਵਿੱਚ ਇਨਕਲਾਬ ਦੀ ਲਹਿਰ ਸੁਰੂ ਹੋ ਗਈ ਸੀ, ਤਾਂ ਸਮੈਡਲੀ ਆਪਣੇ ਅੰਦਰ ਪੈਦਾ ਹੋਈ ਲੋਕ ਪੱਖੀ ਆਜ਼ਾਦੀ ਦੀ ਚਿਣਗ ਨੂੰ ਦਬਾਅ ਕੇ ਨਾ ਰੱਖ ਸਕੀ ਅਤੇ ਚੀਨ ਪਹੁੰਚ ਗਈ। ਇਨਕਲਾਬ ਲਈ ਸਹਿਯੋਗ ਦੇਣ ਲੱਗੀ। ਉਹ ਉੱਥੇ 'ਫ਼ਰੈਂਕਫਰਟ ਜ਼ਾਇਟੁੰਗ' ਅਤੇ 'ਮਾਨਚੈਸਟਰ ਗਾਰਡੀਅਨ' ਅਖ਼ਬਾਰਾਂ ਵਿੱਚ ਸਹਾਇਕ ਵਜੋਂ ਕੰਮ ਕਰਦੀ ਰਹੀ। ਫਿਰ ਉਹ ਚੀਨ ਦੀ ਲੋਕ ਸੈਨਾ ਵਿੱਚ ਸਿੱਧੇ ਤੌਰ ਤੇ ਭਰਤੀ ਹੋ ਗਈ ਅਤੇ ਇਨਕਲਾਬ ਦੌਰਾਨ ਉਹ ਦਵਾਈਆਂ ਵੰਡਣ ਜਾਂ ਲਿਖਤਾਂ ਵੱਖ ਵੱਖ ਥਾਵਾਂ ਤੇ ਪਹੁੰਚਾਉਣ ਦੀ ਡਿਊਟੀ ਨਿਭਾਉਂਦੀ ਰਹੀ। ਉਸਨੇ ਚੀਨ ਦੇ ਇਨਕਲਾਬ ਸਬੰਧੀ ਅੱਧੀ ਦਰਜਨ ਕਿਤਾਬਾਂ ਵੀ ਲਿਖੀਆਂ। ਉਹ ਔਰਤਾਂ ਦੇ ਹੱਕਾਂ ਲਈ ਜੂਝਦੀ ਰਹੀ, ਚੀਨ ਦੇ ਇਨਕਲਾਬ ਵਿੱਚ ਉਸਨੇ ਵਧੀਆ ਭੂਮਿਕਾ ਨਿਭਾਈ, ਭਾਰਤ ਦੀ ਅਜਾਦੀ ਲਈ ਜੂਝਣ ਵਾਲੇ ਦੇਸ਼ ਭਗਤਾਂ ਦਾ ਡਟ ਕੇ ਸਹਿਯੋਗ ਕਰਦੀ ਰਹੀ। ਉਮਰ ਵੀ ਕਈ ਵਾਰ ਕੰਮਾਂ ਵਿੱਚ ਖੜੋਤ ਪੈਦਾ ਕਰ ਦਿੰਦੀ ਹੈ, ਇਸ ਲਈ ਉਮਰ ਵਧਣ ਕਾਰਨ ਉਸਨੇ ਵਾਸਿੰਗਟਨ ਵਿਖੇ ਆਪਣੀ ਪੱਕੀ ਰਿਹਾਇਸ ਕਰ ਲਈ।

ਇਹ ਮਹਾਨ ਔਰਤ, ਇਨਕਲਾਬਣ, ਦੇਸ਼ ਭਗਤ, ਅਜ਼ਾਦੀ ਲਈ ਜੂਝਣ ਵਾਲੀ, ਇਨਕਲਾਬ ਦੀ ਹਮਦਰਦ, ਲੇਖਕ ਤੇ ਪੱਤਰਕਾਰ ਸਮੈਡਲੀ 6 ਮਈ 1950 ਨੂੰ ਸਦਾ ਲਈ ਵਿਛੋੜਾ ਦੇ ਗਈ। ਉਸਦੀ ਆਖ਼ਰੀ ਇੱਛਾ ਸੀ ਕਿ ਉਸਦੀ ਰਾਖ਼ ਚੀਨ ਦੇ ਵਿੱਛੜ ਚੁੱਕੇ ਇਨਕਲਾਬੀ ਸੂਰਬੀਰਾਂ ਕੋਲ ਰੱਖੀ ਜਾਵੇ।

ਇਸ ਖਾਹਸ਼ ਤੇ ਫੁੱਲ ਚੜ੍ਹਾਉਂਦਿਆਂ ਉਸਦੀ ਮ੍ਰਿਤਕ ਦੇਹ ਨੂੰ ਚੀਨ ਲਿਜਾਇਆ ਗਿਆ, ਜਿੱਥੇ ਪੀਚਿੰਗ ਦੇ ਕਬਰਸਤਾਨ ਵਿੱਚ ਉਸਨੂੰ ਦਫ਼ਨਾਇਆ ਗਿਆ। ਉੱਥੇ ਉਸਦੀ ਸਮਾਧ ਬਣੀ ਹੋਈ ਹੈ।

ਮੋਬਾ: 098882 75913

## ਸਿੱਧੂ ਦੀਆਂ ਸਿੱਧੀਆਂ

# ਪੰਜ ਦਰਿਆਵਾਂ ਦੇ ਵਾਰਿਸ ਕੈਨੀਆਂ ਲੈ ਕੇ ਪਾਣੀ ਭਾਲਦੇ ਫਿਰਦੇ ਐ !



ਸੁਖਨੈਬ ਸਿੰਘ ਸਿੱਧੂ

ਪਿਛਲੇ ਹਫ਼ਤੇ ਦਿੜਬੇ ਕੋਲ ਪਿੰਡ ਬਿਜਲਪੁਰ ਗਿਆ ਸੀ ਬਾਈ ਜਗਤਾਰ ਦੇ ਬਾਪੂ ਜੀ ਦੇ ਭੋਗ ਤੇ, ਉੱਥੇ ਇੱਕ ਸਿਆਸੀ ਆਗੂ ਦਾ ਭਰਾ ਮਿਲਿਆ। ਮੈਂ ਕਿਹਾ ' ਬਾਈ ਜੀ ਕਿਵੇਂ ਐ, ਸਿਆਸਤ ਕਿਵੇਂ ਚੱਲਦੀ ?' ਕਹਿੰਦਾ ,' ਸਿਆਸਤ ਕਿੱਥੇ, ਬਿਮਾਰੀਆਂ ਨੇ ਰੋਲਤਾ , ਭਾਬੀ ਅਤੇ ਬਾਪੂ ਨੂੰ ਕੈਂਸਰ ਆ, ਨਿੱਤ ਕਿਸੇ ਨਾ ਕਿਸੇ ਨੂੰ ਹਸਪਤਾਲ ਲੈ ਕੇ ਜਾਣਾ ਪੈਂਦਾ ਐ ।'

ਇਹ ਸਾਡੀ ਘਰ -ਘਰ ਦੀ ਕਹਾਣੀ ਹੈ। ਸਾਡਾ ਇਧਰ ਧਿਆਨ ਕੋਈ ਨਹੀਂ , ਸਾਡੀ ਸਿਹਤ ਸਾਡੇ ਸਿਆਸੀ ਲੋਕਾਂ ਲਈ ਮੁੱਦਾ ਕਿਉਂ ਨਹੀਂ। ਪਾਣੀ ਸਾਡੇ ਚੇਤੇ ਕਿਉਂ ਨਹੀਂ , ਓਹੀ ਪੰਜਾਬੀ ਆਂ ਜਿਹੜੇ ਪਾਣੀ ਦੀ ਵਾਰੀ ਪਿੱਛੇ ਬੰਦਾ ਵੱਢ ਦਿੰਦੇ ਸੀ , ਹੁਣ ਪੀਣ ਵਾਲਾ ਪਾਣੀ ਕਿੱਥੇ ਗਿਆ ਕਿ ਅਣਖ ਸਿਰਫ਼ ਸੋਸ਼ਲ ਮੀਡੀਆ ਦੇ ਵਿਰੋਧੀਆਂ ਨੂੰ ਫੇਕ ਆਈਡੀਆਂ ਬਣਾ ਕੇ ਗਾਲ੍ਹਾਂ ਕੱਢਣ ਜਾਂ ਸਟੇਜਾਂ ਤੇ ਨੱਚਣ ਤੱਕ ਹੀ ਸੀਮਤ ਰਹਿਗੀ। ਸੜਕ ਤੇ ਜਾਂਦੇ ਨੂੰ ਕੋਈ ਇੱਕ ਮਿੰਟ ਰਾਹ ਨਾ ਦੇਵੇ ਤਾਂ ਲੜਣ ਤੱਕ ਜਾਂਦੇ ਹੋ , ਸਿਆਸੀ ਲੋਕਾਂ ਨੇ ਥੋਡੇ ਭਵਿੱਖ ਨਕਸ਼ੇ ਖੱਖਰ ਭੱਖਰ ਕਰਤੇ, ਓਥੇ ਤੁਸੀਂ ਕੁਸਕਦੇ ਨੀ । ਜੇਕਰ ਕਿਸੇ ਘਰ 'ਚ ਕੈਂਸਰ ਨਹੀਂ ਤਾਂ ਗੋਡਿਆਂ ਦੇ ਮਰੀਜ਼ ਹੈਗੇ, ਹਰੇਕ ਤੀਜਾ ਚੌਥਾ ਬੰਦਾ ਗੋਡੇ ਬਦਲਾਈ ਜਾ ਰਿਹਾ।

ਹੱਡੀਆਂ ਦੀਆਂ ਸਮੱਸਿਆਵਾਂ ਅਤੇ ਹਾਰਟ ਅਟੈਕ ਕਿੰਨੇ ਨੇ ਦੱਸਣ ਦੀ ਜਰੂਰਤ ਨਹੀਂ। ਔਰਤਾਂ 'ਚ ਬੱਚੇਦਾਨੀਆਂ ਦੀ ਬਿਮਾਰੀਆਂ ਵਧ ਗਈਆਂ ਨੇ। ਕਿੰਨੇ ਪਿੰਡਾਂ ਕੋਲ ਪੀਣ ਵਾਲਾ ਪਾਣੀ ਨਹੀਂ , ਪੰਜ ਦਰਿਆਵਾਂ ਦੇ ਵਾਰਿਸ ਕੈਨੀਆਂ ਲੈ ਕੇ ਪਾਣੀ ਭਾਲਦੇ ਫਿਰਦੇ ਐ।

20 ਸਾਲ ਪਹਿਲਾਂ ਕੀਹਨੇ ਸੁਣੀਆਂ ਇਹ ਗੱਲਾਂ ਸੀ , ਹੁਣ ਨਿੱਤ ਇਹ ਕੁਝ ਵਾਪਰ ਰਿਹਾ। ਪਰ ਸਾਡੇ ਸਿਆਸੀ ਲੋਕਾਂ ਲਈ ਇਹ ਮੁੱਦਾ ਨਹੀਂ । ਉਹਨਾ ਨੂੰ ਪਤਾ ਆਮ ਜਨਤਾ ਕਾਹਦੇ ਨਾਲ ਖੁਸ਼ ਹੁੰਦੀ । ਜੀਹੜੀ ਮਰਜ਼ੀ ਪਾਰਟੀ ਬਦਲ ਲਵੋ , ਭੇਡਾਂ ਦੀ ਭੀੜ ਜੁੜ ਹੀ ਜਾਣੀ, ਤਾਹੀਂ ਉਹ ਕਿਸੇ ਦੀ ਪ੍ਰਵਾਹ ਨਹੀਂ ਕਰਦੇ। ਲੋਕ ਖੁਸ਼ ਨੇ ਇਹ ਗੱਲਾਂ ਕਰਕੇ ਬਈ ਭਗਵੰਤ ਮਾਨ ਅਸੰਬੈਲੀ 'ਚ ਜਿੰਦਾ ਲੈ ਗਿਆ,
ਖਹਿਰਾ ਫੁੱਟੇ ਚੱਕ ਦਿੰਦਾ,
ਖਾਲਿਸਤਾਨ ਦੇ ਮੁੱਦੇ ਮਾਨ ਕੋਈ ਮੁਕਾਬਲਾ ਨਹੀਂ,
ਕੱਲਾ ਮਜੀਠੀਆ ਝਾੜੂ ਵਾਲਿਆਂ ਦੀ ਰੇਲ ਬਣਾਈ ਫਿਰਦੈ,
ਚੰਨੀ ਬੰਦਾ ਵਾਹਲਾ ਘੈਂਟ ਐ,
ਸੁਨੀਲ ਜਾਖੜ ਨੇ ਪੂਰਾ ਜੋਰ ਲਾਤਾ,
ਕੈਪਟਨ ਨਹੀਂ ਦਿਸਦਾ ਕਿਤੇ,
ਮਲੂਕੇ ਦੀ ਨੂੰਹ ਜਿੱਤਜੂ ਭਲਾਂ ?
ਭਾਨਾ ਤੇ ਲੱਖਾ ਗਾਹ ਪਾਈ ਫਿਰਦੇ ਨੇ,
ਢੀਂਡਸੇ ਕੀ ਕਰਨਗੇ,
ਕੇਜਰੀਵਾਲ ਤਾਂ ਨਹੀਂ ਬਾਹਰ ਆਉਂਦਾ,
ਕੰਵਰ ਵਿਜੇ ਪ੍ਰਤਾਪ ਇਹਨਾ ਦੀ ਜੜ੍ਹਾਂ 'ਚ ਬਹਿ ਗਿਆ।

ਹਸਪਤਾਲਾਂ ਦੀਆਂ ਲੰਬੀਆਂ ਲਾਈਨਾਂ 'ਚ ਖੜੇ ਪਰਚੀ ਕਟਾਉਂਦੇ ਅੱਕ ਜਾਂਦੇ ਓ, ਪਰ ਰੈਲੀਆਂ 'ਚ ਭੱਜੇ ਜਾਂਦੇ ਓ। ਸੱਥਰਾਂ ਤੇ ਵੀ ਸਿਆਸਤ ਦੀਆਂ ਗੱਲਾਂ ਕਰਨੋਂ ਨਹੀਂ ਹੱਟਦੇ,ਨਾਲੇ ਧੇਲੇ ਦੀ ਸਿਆਸਤ ਨਹੀਂ ਸਮਝਦੇ, ਅਗਲੇ ਥੋਡੇ ਨਾਲ ਕਰੀ ਕੀ ਜਾਂਦੇ ਐ। ਐਨੇ ਅਵੇਸਲੇ ਹੋਗੇ ਫਿਰ ਸਾਡਾ ਸੋਚਣਾ ਕੀਹਨੇ ਐਂ?

### ਪਿੰਡ ਦੀ ਪਾਰਲੀਮੈਂਟ ਚੋਂ—

ਚੁੱਪਕੀਤੀ: ਵੇ ਕੰਜਰਾ ਅੱਜ ਫਿਰ ਟੱਲੀ ਹੋਇਆ ਫਿਰਦੈਂ !
ਜਾਗਰ : ਜਦੋਂ ਆਵੇ ਤੇਰੀ ਯਾਦ, ਪੀ ਲੈਂਦਾ ਹਾਂ ਸ਼ਰਾਬ
ਚੁੱਪਕੀਤੀ : ਵੇ ਤੂੰ ਤਾਂ ਚੱਤੋਪਹਿਰ ਡੱਫੀ ਰੱਖਦੈਂ,ਇਹ ਕੀ ਡਰਾਮਾ ਐ?
ਜਾਗਰ : ਤੈਨੂੰ ਯਾਦ ਤਾਂ ਕਰਾਂ ਜੇ ਕਦੇ ਭੁੱਲਿਆ ਹੋਵਾਂ

# ਕੈਂਚੀ, ਡੰਡਾ, ਕਾਠੀ

ਸਾਡੇ ਸਮੇਂ ਸਾਈਕਲ ਦੀ ਸਵਾਰੀ ਕਿਸੇ ਮਹਿੰਗੀ ਕਾਰ ਦੀ ਸਵਾਰੀ ਤੋਂ ਘੱਟ ਨਹੀਂ ਸੀ । ਜਿਸ ਕੋਲ ਸਾਈਕਲ ਹੁੰਦਾ, ਉਸ ਸਾਈਕਲ ਦੀ ਉਚਾਈ 24 ਇੰਚ ਹੋਇਆ ਕਰਦੀ ਸੀ। ਜਦੋਂ ਸਾਨੂੰ ਕਦੇ ਕਦਾਈਂ ਆਪਣੇ ਪਿਤਾ ਜਾਂ ਗਵਾਂਢੀ ਦੀ ਵਿਹਲੀ ਸਾਈਕਲ ਮਿਲਦੀ ਤਾਂ ਉਸਨੂੰ ਚਲਾਉਣ ਲਈ ਪਹਿਲਾਂ ਕੈਂਚੀ ਚਲਾਉਣੀ ਪੈਂਦੀ। ਕੈਂਚੀ ਦਾ ਅਰਥ ਇੱਕ ਲੱਤ ਬਾਹਰ ਕੱਢ ਕੇ ਦੂਜੇ ਪੈਡਲ @ਤੇ ਰੱਖ ਕੇ ਖੱਬੇ ਹੱਥ ਨਾਲ ਹੈਂਡਲ ਫੜ੍ਹਨਾ ਤੇ ਸੱਜੇ ਹੱਥ ਨਾਲ ਸਾਈਕਲ ਦਾ ਡੰਡਾ ਫੜ੍ਹਕੇ ਸਾਈਕਲ ਚਲਾਉਣੀ ਸਿੱਖਦੇ ਤੇ ਫ਼ਖਰ ਨਾਲ ਕਹਿੰਦੇ ਕਿ ਹੁਣ ਆਪਾਂ ਨੂੰ ਕੈਂਚੀ ਚਲਾਉਣੀ ਆਉਂਦੀ ਆ। ਕੈਂਚੀ ਤੋਂ ਅਗਲਾ ਪੜਾਅ ਡੰਡੇ ਦਾ ਹੁੰਦਾ। ਲੱਤ ਛੋਟੀ ਹੋਣ ਕਰਕੇ ਪੰਜੇ ਮਸਾਂ ਪੈਡਲ ਤੱਕ ਪਹੁੰਚਦੇ ਅਤੇ ਹੁਣ ਅਸੀਂ ਫ਼ਖਰ ਨਾਲ ਦੋਸਤਾਂ ਵਿੱਚ ਕਹਿੰਦੇ ਕਿ ਹੁਣ ਭਾਈ ਸਾਨੂੰ ਡੰਡਾ ਵੀ ਚਲਾਉਣਾ ਆ ਗਿਆ। ਸਾਈਕਲ ਚਲਾਉਣ ਦਾ ਅੰਤਮ ਪੜਾਅ ਕਾਠੀ ਹੁੰਦੀ ਸੀ। ਜਦੋਂ ਅਸੀਂ ਕਾਠੀ ਤੇ ਬੈਠ ਜਾਣਾ, ਲੱਤ ਤਾਂ ਉਦੋਂ ਵੀ ਪੈਡਲ ਤੱਕ ਨਹੀਂ ਪਹੁੰਚਦੀ ਸੀ। ਪਰ ਜਦੋਂ ਪੈਡਲ ਉੱਪਰ ਆਉਂਦਾ ਤਾਂ ਪੈਰ ਕ੍ਰਮਵਾਰ ਉਸ ਨੂੰ ਧੱਕਦੇ ਰਹਿੰਦੇ । ਇਸ ਤਰ੍ਹਾਂ ਅਸੀਂ ਕਾਠੀ ਤੇ ਬੈਠ ਕੇ ਸਾਈਕਲ ਚਲਾਉਣਾ ਸਿੱਖ ਗਏ।



ਸਾਈਕਲ ਚਲਾਉਣਾ ਸਿੱਖਣ ਦੀ ਇਹ ਖੁਸ਼ੀ ਅੱਜ ਕੱਲ੍ਹ ਮਿਲਣ ਵਾਲੇ ਪੱਕੇ ਲਾਇਸੈਂਸ ਤੋਂ ਕਿਧਰੇ ਵੀ ਘੱਟ ਨਹੀਂ ਸੀ। ਅੱਜ-ਕੱਲ੍ਹ ਤਾਂ ਕੈਂਚੀ,ਡੰਡਾ ,ਕਾਠੀ ਅਲੋਪ ਹੀ ਹੋ ਚੁੱਕੀ ਹੈ ਕਿਉਂਕਿ ਹੁਣ ਹਰ ਬੱਚੇ ਦੀ ਉਮਰ ਦੇ ਹਿਸਾਬ ਨਾਲ ਸਾਈਕਲ ਹੈ। ਹੁਣ ਬੱਚੇ ਨੂੰ ਸਾਈਕਲ ਸਿੱਖਣ ਲਈ ਸਿੱਧੀ ਕਾਠੀ ਮਿਲਦੀ ਹੈ ।ਬੱਚਾ ਜਿਵੇਂ-ਜਿਵੇਂ ਵੱਡਾ ਹੁੰਦਾ ਹੈ, ਤਿਵੇਂ-ਤਿਵੇਂ ਸਾਇਕਲ ਵੀ ਇੰਚਾਂ ਦੇ ਹਿਸਾਬ ਨਾਲ ਵੱਡੀ ਹੁੰਦੀ ਜਾਂਦੀ ਹੈ ਤੇ ਛੋਟੀਆਂ ਸਾਈਕਲਾਂ ਕਬਾੜ ਵਿੱਚ ਬਦਲ ਜਾਂਦੀਆਂ ਹਨ। ਪ੍ਰੰਤੂ ਉਸ ਖੂਬਸੂਰਤ ਜ਼ਮਾਨੇ ਵਿਚ ਸਾਈਕਲ ਉਹੀ ਰਹਿੰਦੀ ਸੀ ਤੇ ਪਤਾ ਨਹੀਂ ਕਿੰਨੇ ਬੱਚੇ ਕੈਂਚੀ , ਡੰਡਾ , ਕਾਠੀ ਸਿੱਖ ਕੇ ਸਾਈਕਲ ਸਵਾਰ ਬਣ ਜਾਂਦੇ ਸਨ।

ਕੀ ਤੁਹਾਨੂੰ ਵੀ ਉਹ ਸਭ ਯਾਦ ਹੈ ?....

ਵੱਲੋਂ : ਪ੍ਰਿੰਸੀਪਲ ਰੰਧਾਵਾ ਸਿੰਘ















## ਕਮਾਲ ਦੇ ਲੋਕ-ਕਮਾਲ ਦੀਆਂ ਕਾਢਾਂ

# ਹੈਡੀ ਲੈਮਰ - ਸੁੰਦਰਤਾ, ਕਲਾਕਾਰ ਅਤੇ ਘਰ ਦੀ ਸੁਆਣੀ ਜਿਸ ਨੇ ਜੰਗ 'ਚ ਲਿਖਤੀ ਵਾਈ-ਫਾਈ ਦੀ ਕਹਾਣੀ

**-ਹਰਜਿੰਦਰ ਸਿੰਘ ਬਸਿਆਲਾ-**

ਅੱਜ ਹਰ ਕੋਈ ਵਾਈ-ਫਾਈ ਤੋਂ ਜਾਣੂ ਹੈ। ਫੋਨ, ਆਈ ਪੈਡ, ਨੋਟ ਬੁੱਕਾਂ ਅਤੇ ਕੰਪਿਊਟਰ ਅਤੇ ਹੋਰ ਬਹੁਤ ਕੁਝ ਬਿਨਾਂ ਇੰਟਰਨੈਟ ਤੋਂ ਜਾਂ ਕਹਿ ਲਈਏ ਬਿਨਾਂ ਵਾਈ-ਫਾਈ ਤੋਂ ਬੇਕਾਰ ਜਾਪਦੇ ਹਨ। ਪਰ ਇਸਦੀ ਖੋਜ਼ ਕਿਸਨੇ ਕੀਤੀ ? ਸ਼ਾਇਦ ਬਹੁਤਿਆਂ ਨੂੰ ਨਾ ਪਤਾ ਹੋਵੇ। ਆਓ ਜਾਣਕਾਰੀ ਸਾਂਝੀ ਕਰਦੇ ਹਾਂ। ਵਾਈ-ਫਾਈ ਦੀ ਖੋਜ਼ ਦੀ ਕਹਾਣੀ ਕਾਫੀ ਲੰਬੀ ਹੈ ਅਤੇ ਇਸਦੀ ਖੋਜ਼ ਕਰਨ ਵਾਲੀ ਦਾ ਮੁੱਲ ਉਸਦੇ ਤੁਰ ਜਾਣ ਬਾਅਦ ਹੀ ਪਿਆ ਸੀ। ਇਸ ਵਾਈ-ਫਾਈ ਪ੍ਰਣਾਲੀ ਦੀ ਮੁੱਢਲੀ ਖੋਜ਼ ਹੈਡੀ ਲੈਮਰ ਜਿਸ ਦਾ ਪਹਿਲਾ ਨਾਂਅ ਹੇਡਵਿਗ ਈਵਾ ਮਾਰੀਆ ਕੇਇਸਲਰ ਸੀ ਨੇ ਕੀਤੀ ਸੀ। 09 ਨਵੰਬਰ 1914 ਨੂੰ ਇਸਦਾ ਜਨਮ ਵਿਆਨਾ ਵਿਖੇ ਹੋਇਆ। ਉਹ ਜਰਮਨ ਭਾਸ਼ਾ ਬੋਲਦੀ ਸੀ ਤੇ ਜੈਵਿਸ਼ ਪਰਿਵਾਰ ਨਾਲ ਸਬੰਧ ਰੱਖਦੀ ਸੀ। ਉਸਦੀ ਪੜ੍ਹਾਈ ਦੌਰਾਨ ਉਸਦਾ ਪਿਤਾ ਉਸਨੂੰ ਦੱਸਦਾ ਹੁੰਦਾ ਸੀ ਕਿ ਮਸ਼ੀਨਾ ਕਿਵੇਂ ਕੰਮ ਕਰਦੀਆਂ ਹਨ ?, ਜਿਵੇਂ ਕਿ ਟਰੈਫਕਿ ਲਾਈਟਾਂ ਕਿਵੇਂ ਕੰਮ ਕਰਦੀਆਂ ਹਨ। ਬਚਪਨ ਤੋਂ ਹੀ ਉਹ ਹੌਲੀ ਹੌਲੀ ਖੋਜੀ ਬਿਰਤੀ ਦੀ ਹੋਣ ਲੱਗੀ। ਇਕ ਦਿਨ ਉਸਨੇ ਸੰਗੀਤਕ ਯੰਤਰ ਆਦਿ ਖੋਲ੍ਹ ਕੇ ਫਿੱਟ ਕਰ ਦਿੱਤਾ। ਉਸਦਾ ਪਿਤਾ ਪਿਆਨੋ ਵੀ ਵਜਾਉਂਦਾ ਹੁੰਦਾ ਸੀ। 16 ਸਾਲ ਦੀ ਉਮਰ ਵਿਚ ਉਸਨੇ ਇਕ ਸੁੰਦਰਤਾ ਮੁਕਾਬਲਾ ਜਿੱਤ ਲਿਆ ਸੀ। ਇਸਨੇ ਉਸਨੂੰ ਫਿਲਮੀ ਲਾਈਨ ਵਿਚ ਆਉਣ ਦਾ ਰਸਤਾ ਵਿਖਾਇਆ। ਪਹਿਲਾ ਫਿਲਮੀ ਰੋਲ ਉਸਨੇ ਆਪਣੀ ਮਾਂ ਦੇ ਜਾਅਲੀ ਦਸਤਖਤ ਕਰਕੇ ਲਿਆ ਕਿਉਂਕ ਫਿਲਮ ਸਾਈਨ ਕਰਨ ਵਾਸਤੇ ਉਸਦੀ ਆਗਿਆ ਜ਼ਰੂਰੀ ਸੀ। 17 ਸਾਲ ਦੀ ਉਮਰ ਵਿਚ ਉਹ ਬਰਲਿਨ ਗਈ, ਐਕਟਿੰਗ ਸਿੱਖੀ। 1932 ਦੇ ਵਿਚ ਉਸਨੇ ਇਕ ਫਿਲਮ ਕੀਤੀ ਸੀ ਜਿਸ ਦੇ ਨਾਲ ਉਸਦੀ ਚਰਚਾ ਪੂਰੇ ਵਿਸ਼ਵ ਵਿਚ ਹੋ ਗਈ। ਇਸਦੇ ਵਿਚ ਇਕ ਸੀਨ ਸੀ ਜੋ ਕਿ ਅਤਿ ਕਾਮੁਕ ਸੀ, ਅਤੇ ਇਸਦਾ ਬਹੁਤ ਵਿਰੋਧ ਹੋਇਆ। ਇਹ ਸੀਨ ਕਰਦਿਆਂ ਉਸਨੇ ਸੋਚਿਆ ਸੀ ਕਿ ਇਹ ਫਿਲਮ ਦਾ ਆਰਟ ਸੀਨ ਹੋਵੇਗਾ ਪਰ ਡਾਇਰੈਕਟਰ ਨੇ ਇਸ ਦ੍ਰਿਸ਼ ਨੂੰ ਕਲੋਜ਼ਅੱਪ ਕਰਕੇ ਵੱਖਰੀ ਤਰ੍ਹਾਂ ਦਾ ਬਹੁਤ ਜਿਆਦਾ ਕਾਮੁਕ ਪੇਸ਼ ਕੀਤਾ। ਅਮਰੀਕਾ ਅਤੇ ਜ਼ਰਮਨੀ ਦੇ ਵਿਚ ਇਸ ਫਿਲਮ 'ਤੇ ਰੋਕ ਲੱਗ ਗਈ। ਉਸ ਤੋਂ ਕੁਝ ਸਮੇਂ ਬਾਅਦ ਉਸਦੀਆਂ ਹੋਰ ਫਿਲਮਾਂ ਆਈਆਂ ਜਿਸ ਨੇ ਐਵਾਰਡ ਵੀ ਜਿੱਤ ਲਏ। ਉਹ ਸਟੇਜ ਪਰਫਾਰਮੈਂਸ ਬਾਅਦ ਲੋਕਾਂ ਕੋਲੋਂ ਸਵਾਗਤੀ ਫੁੱਲ ਫੜਦੀ ਅਤੇ ਅੱਗੇ ਦੇ ਦਿੰਦੀ ਜੋ ਕਿ ਆਮ ਗੱਲ ਹੋ ਗਈ ਸੀ। ਪਰ ਇਕ ਦਿਨ ਆਸਟਰੀਆ ਦੇ ਉਸ ਵੇਲੇ ਦੇ ਤੀਜੇ ਅਮੀਰ ਵਿਅਕਤੀ ਫ੍ਰਾਈਡਰਿਚ ਮੰਡੀ ਜੋ ਕਿ ਹਥਿਆਰਾਂ ਦਾ ਵਪਾਰੀ ਸੀ, ਉਸ ਦੇ ਸੰਪਰਕ ਵਿਚ ਆਇਆ। ਇਹ ਵਿਅਕਤੀ ਹਥਿਆਰਾਂ ਨੂੰ ਹਿਟਲਰ ਅਤੇ ਹੋਰਾਂ ਨੂੰ ਸਪਲਾਈ ਕਰਦਾ ਸੀ। 1933 ਦੇ ਵਿਚ ਉਸ ਨਾਲ ਵਿਆਹ ਹੋ ਗਿਆ। ਉਹ 19 ਸਾਲਾਂ ਦੀ ਸੀ ਅਤੇ ਉਹ 33 ਸਾਲਾਂ ਦਾ। ਉਸਨੇ ਇਕ ਤਰ੍ਹਾਂ ਨਾਲ ਉਸਨੂੰ ਕਬਜ਼ੇ ਵਿਚ ਹੀ ਕਰ ਲਿਆ। ਉਸਦੇ ਬਾਹਰ ਜਾਣ ਉਤੇ ਰੋਕਾਂ ਲੱਗ ਗਈਆਂ। ਉਹ ਆਮ ਔਰਤ ਬਣ ਕੇ ਘਰੇ ਰਹਿ ਗਈ। ਕਾਮੁਕ ਦ੍ਰਿਸ਼ ਕਰਕੇ ਉਹ ਨਹੀਂ ਚਾਹੁੰਦਾ ਸੀ ਕਿ ਉਸਦੀ ਘਰਵਾਲੀ ਨੂੰ ਲੈ ਕੇ ਕੋਈ ਚਰਚਾਵਾਂ ਹੋਣ। ਇਕ ਦਿਨ ਉਸਦਾ ਪਤੀ ਆਪਣੇ ਘਰ ਵਿਚ ਹਥਿਆਰਾਂ ਬਾਰੇ, ਸਾਇੰਸਦਾਨਾਂ ਨਾਲ ਫੌਜਾਂ ਦੇ ਨਾਲ ਤਾਲਮੇਲ ਰੱਖਣ ਦੇ ਆਧੁਨਿਕ ਤਰੀਕਿਆਂ ਬਾਰੇ ਗੱਲਬਾਤ ਕਰ ਰਿਹਾ ਸੀ, ਖੋਜ਼ੀ ਬਿਰਤੀ ਹੋਣ ਕਰਕੇ ਉਸਨੇ ਇਹ ਸਾਰਾ ਕੁਝ ਸੁਣਿਆ। ਉਹ ਤਾਂ ਬਚਪਨ ਤੋਂ ਹੀ ਖੋਜੀ ਦਿਮਾਗ ਰੱਖਦੀ ਸੀ ਅਤੇ ਹੋਰ ਸਿੱਖਣ ਦੀ ਕੋਸ਼ਿਸ਼ ਕਰਨ ਲੱਗੀ। ਮੌਕਾ ਮਿਲਦਿਆਂ ਉਹ ਇਕ ਦਿਨ ਉਹ ਘਰ ਤੋਂ ਨੌਕਰਾਨੀ ਦਾ ਰੂਪ ਧਾਰ ਕੇ ਨਿਕਲ ਗਈ। ਉਹ ਲੰਡਨ ਪਹੁੰਚ ਗਈ। ਫਿਲਮੀ ਲੋਕਾਂ ਦੇ ਸੰਪਰਕ ਵਿਚ ਆਈ, ਉਸਨੇ ਆਪਣਾ ਨਾਂਅ ਬਦਲਿਆ ਤੇ ਹੈਡੀ ਲੈਮਰ ਰੱਖ ਲਿਆ। ਫਿਲਮਾਂ ਦੇ ਚੱਕਰ ਵਿਚ ਉਹ ਅਮਰੀਕਾ ਚਲੇ ਗਈ। ਉਥੇ ਉਸਦਾ ਸੰਪਰਕ ਇਕ ਫਿਲਮ ਨਿਰਮਾਤਾ ਨਾਲ ਹੁੰਦਾ ਹੈ। ਇਸ ਤਰ੍ਹਾਂ ਉਸਦੇ ਜੀਵਨ ਵਿਚ ਬਹੁਤ ਸਾਰੀਆਂ ਫਿਲਮਾਂ ਆਈਆਂ ਅਤੇ ਕੁੱਲ 6 ਵਿਅਕਤੀ ਵੀ ਆਏ ਜਿਨ੍ਹਾਂ ਨਾਲ ਉਸ ਦਾ ਵਿਆਹ ਹੋਇਆ। ਤਲਾਕ ਤੇ ਤਲਾਕ ਹੁੰਦਾ ਰਿਹਾ। ਫਿਰ 1939 ਦੇ ਵਿਚ ਦੂਜੀ ਸੰਸਾਰ ਲੱਗਦੀ ਹੈ। ਅਮਰੀਕੀ ਫੌਜਾਂ ਲੜਾਈ ਲੜ ਰਹੀਆਂ ਸਨ। ਵਿਹਲੇ ਸਮੇਂ ਉਹ ਪਿਆਨੋ ਵਜਾਉਂਦੀ ਸੀ ਅਤੇ ਇਕ ਸੰਗੀਤਕਾਰ ਵੀ ਉਸ ਨਾਲ ਹੁੰਦਾ ਸੀ, ਜੋ ਤਰਜ਼ਾਂ ਬਣਾਉਂਦੇ ਸੀ। ਦੂਜੀ ਸੰਸਾਰ ਜੰਗ ਵੇਲੇ ਅਮਰੀਕੀ ਫੌਜਾਂ ਦੇ ਸੰਦੇਸ਼ ਦੁਸ਼ਮਣ ਫੌਜਾਂ ਸੁਣ ਲੈਂਦੀਆਂ ਸਨ। ਰੇਡੀਓ ਫ੍ਰੀਕੁਏਂਸੀ ਫੜ ਹੋ ਜਾਂਦੀ ਸੀ। ਇਕ ਦਿਨ ਰੇਡੀਓ ਸੁਣਦੀ ਹੋਈ ਨੇ ਉਸਨੇ ਚੈਨਲ ਬਦਲਿਆਂ ਦਾ ਉਸਦੇ ਦਿਮਾਗ ਵਿਚ ਇਕ ਖੋਜ਼ ਉਤਪੰਨ ਹੁੰਦੀ ਹੈ। ਉਸਨੂੰ ਪਤਾ ਸੀ ਕਿ ਅਮਰੀਕੀ ਫੌਜਾਂ ਨੂੰ ਫ੍ਰੀਕੁਏਂਸੀ ਦੀ ਮੁਸ਼ਕਿਲ ਆ ਰਹੀ ਹੈ। ਹੈਡੀ ਨੇ ਪਿਆਨੋ ਦੀਆਂ ਸੁਰਾਂ ਦੀ ਉਦਾਹਣ ਤਿਆਰ ਕੀਤੀ ਕਿ ਕਿਵੇਂ ਇਕ ਸੁਰ ਦੂਜੇ ਦੇ ਨਾਲ ਜਾ ਕੇ ਮਿਲਦੀ ਹੈ। ਉਸਨੇ ਅਮਰੀਕੀ ਫੌਜਾਂ ਤੱਕ ਪਹੁੰਚ ਕਰਕੇ ਪੇਸ਼ਕਸ਼ ਕੀਤੀ ਕਿ ਜੇਕਰ ਉਹ ਉਸਦੀ ਇਸ ਤਕਨੀਕ ਉਤੇ ਕੰਮ ਕਰਨ ਤਾਂ ਉਨ੍ਹਾਂ ਦੇ ਸੰਦੇਸ਼ ਵਿਰੋਧੀ ਫੌਜਾਂ ਵੱਲੋਂ ਨਹੀਂ ਫੜੇ ਜਾਣਗੇ। ਪਰ ਅਮਰੀਕੀ ਫੌਜਾਂ ਨੇ ਉਸਦੇ ਲਿਖੇ ਕਾਗਜ਼ ਉਤੇ ਕੋਈ ਧਿਆਨ ਨਹੀਂ ਦਿੱਤਾ ਕਿਹਾ ਕਿ ਇਹ ਤਕਨੀਕ ਇਥੇ ਕੰਮ ਨਹੀਂ ਕਰੇਗੀ, ਇਸਦੇ ਬਦਲੇ ਉਹ ਫੰਡ ਰੇਜਿੰਗ ਕਰੇ। ਉਸਨੇ ਫੰਡ ਰੇਜਿੰਗ ਵੀ ਕੀਤੀ। ਇਕ ਕਿੱਸ ਦੇਣ ਦੇ ਏਵਜ਼ ਵਿਚ 25,000 ਡਾਲਰ ਲਿਆ ਅਤੇ ਇਕੋ ਵਾਰ ਮਿਲੀਅਨ ਡਾਲਰ ਇਕੱਠੇ ਕਰਕੇ ਦੇ ਦਿੱਤੇ। ਪਰ ਉਸਦੀ ਤਕਨੀਕ ਵਾਲੀ ਗੱਲ ਨਹੀਂ ਮੰਨੀ ਗਈ ਇਥੋਂ ਤੱਕ ਕਿ ਕੋਸ਼ਿਸ ਵੀ ਨਹੀਂ ਕੀਤੀ ਗਈ। ਅਮਰੀਕੀ ਫੌਜਾਂ ਤਾਂ ਸ਼ੱਕ ਹੀ ਹੈਡੀ ਉਤੇ ਕਰਦੀਆਂ ਸਨ ਕਿਉਂਕਿ ਇਸਦਾ ਸਾਬਕਾ ਪਤੀ ਤਾਂ ਹਿਟਲਰ ਨੂੰ ਹਥਿਆਰ ਸਪਲਾਈ ਕਰਦਾ ਸੀ। ਬਹੁਤ ਲੰਮੇ ਸਮੇਂ ਬਾਅਦ ਜਦੋਂ ਉਸਦੀ ਖੋਜ਼ ਉਤੇ ਦੁਬਾਰਾ ਕੰਮ ਹੋਇਆ ਤਾਂ ਇਹ ਤਕਨੀਕ ਸਫ਼ਲ ਹੋ ਗਈ ਅਤੇ ਅੱਜ ਪੂਰੀ ਦੁਨੀਆ ਦੇ ਵਿਚ ਵਾਈ-ਫਾਈ ਅਤੇ ਬਲੂਟੁੱਥ ਵਰਗੀ ਤਕਨੀਕ ਦੇ ਨਾਲ ਬਹੁਤ ਸਾਰਾ ਕੰਮ ਕਰ ਰਹੀ ਹੈ।ਉਸ ਦੀ ਨਿੱਜੀ ਜ਼ਿੰਦਗੀ ਦੇ ਚੱਕਰਵਿਊ, ਤਲਾਕਾਂ ਦੀ ਲੜੀ, ਉਸ ਦੇ ਪੁੱਤਰ ਤੋਂ ਦੂਰੀ ਅਤੇ ਹਾਲੀਵੁੱਡ ਦੀ ਖਾਲੀ ਜ਼ਿੰਦਗੀ ਨੇ ਹੇਡੀ ਲੈਮਰ ਤੋਂ ਉਹ ਸ਼ਾਂਤੀ ਖੋਹ ਲਈ ਸੀ, ਜਿਸ ਦੀ ਭਾਲ ਵਿਚ ਉਸਨੇ ਇਕ ਵਾਰ ਲੰਬਾ ਸਫ਼ਰ ਤੈਅ ਕੀਤਾ ਸੀ। 1958 ਵਿੱਚ, ਉਸਨੇ ਫ਼ਿਲਮਾਂ ਵਿੱਚ ਕੰਮ ਕਰਨਾ ਬੰਦ ਕਰ ਦਿੱਤਾ ਅਤੇ ਇੱਕਲਿਆਂ ਜੀਵਨ ਬਤੀਤ ਕਰਨਾ ਸ਼ੁਰੂ ਕਰ ਦਿੱਤਾ। ਉਸਨੇ ਕਦੇ ਵੀ ਆਪਣੀਆਂ ਕਾਢਾਂ ਦਾ ਦਾਅਵਾ ਨਹੀਂ ਕੀਤਾ। ਉਸ ਦੀ ਢਹਿੰਦੀ ਜ਼ਿੰਦਗੀ ਵਿਚ ਕੁਝ ਲੋਕਾਂ ਨੇ ਉਸ ਦੀ ਖੋਜ ਦੀ ਸ਼ਲਾਘਾ ਕੀਤੀ। ਉਸਨੂੰ 1997 ਵਿੱਚ ਅਮਰੀਕਨ ਫਰੰਟੀਅਰ ਫਾਊਂਡੇਸ਼ਨ ਨਾਲ ਸਨਮਾਨਿਤ ਕੀਤਾ ਗਿਆ ਸੀ, ਉਸਦੀ ਮੌਤ 85 ਸਾਲ ਦੀ ਉਮਰ ਵਿਚ 19 ਜਨਵਰੀ 2000 ਵਿੱਚ ਫਲੋਰੀਡਾ ਵਿਖੇ ਹੋਈ ਸੀ। ਇਸ ਤੋਂ ਬਾਅਦ 2014 ਵਿੱਚ ਉਨ੍ਹਾਂ ਨੂੰ 'ਨੈਸ਼ਨਲ ਇਨਵੈਂਟਰ ਹਾਲ ਆਫ ਫੇਮ' ਵਿੱਚ ਸ਼ਾਮਿਲ ਕੀਤਾ ਗਿਆ। ਅੱਜ ਹੇਡੀ ਲੈਮਰ ਨਹੀਂ ਰਹੇ ਪਰ ਵਾਈ-ਫਾਈ, ਬਲੂਟੁੱਥ ਅਤੇ ਜੀ.ਪੀ.ਐਸ ਦੀਆਂ ਲੱਖਾਂ ਚਮਕਦੀਆਂ ਲਾਈਟਾਂ ਸਾਨੂੰ ਇਸ 'ਦਿਮਾਗ ਭਰੀ ਸੁੰਦਰਤਾ' ਦੀ ਯਾਦ ਦਿਵਾਉਂਦੀਆਂ ਹਨ।







ਕਮਾਲ ਦੀ ਗੱਲ ਹੈ ਕਿ ਵਿਚਾਰ ਪਿਆਨੋ ਦੀ ਧੁਨ ਤੋਂ ਆਇਆ ਸੀ। ਇਕ ਦਿਨ ਅਭਿਨੇਤਰੀ ਹੈਡੀ ਲੈਮਰ ਲਾਸ ਏਂਜਲਸ ਦੇ ਇਕ ਬੰਗਲੇ ਵਿਚ ਪਿਆਨੋ 'ਤੇ ਬੈਠੀ ਸੀ, ਉਸ ਦੇ ਕੋਲ ਹਾਲੀਵੁੱਡ ਸੰਗੀਤਕਾਰ ਜਾਰਜ ਐਂਥਿਲ ਸੀ। ਕੁਦਰਤ ਦੀ ਖੇਡ ਵਰਤੀ ਕਿ ਇਹ ਦੋਵੇਂ ਕਿਸੇ ਗੀਤ ਦੀ ਧੁਨ ਦੀ ਥਾਂ ਕੁਝ ਹੋਰ ਹੀ ਜਿਵੇਂ ਬਣਾ ਰਹੇ ਹੋਣ। ਉਹ ਕਿਸੇ ਅਜਿਹੀ ਚੀਜ਼ 'ਤੇ ਕੰਮ ਕਰ ਰਹੇ ਸਨ ਜੋ ਦੂਜੇ ਵਿਸ਼ਵ ਯੁੱਧ ਦੇ ਦੌਰ ਨੂੰ ਬਦਲ ਸਕਦਾ ਸੀ, ਇਹ ਇੱਕ ਅਜਿਹੀ ਖੋਜ਼ ਸੀ ਜੋ 21 ਵੀਂ ਸਦੀ ਦੇ ਵਿਗਿਆਨਕ ਸੁਭਾਅ ਨੂੰ ਬਦਲਣ ਵਾਲੀ ਸੀ। ਹੁਣ ਹੇਡੀ ਲੈਮਰ ਨੇ ਜੋ ਕੀਤਾ ਉਹ ਹੈਰਾਨੀਜਨਕ ਸੀ। ਅਭਿਨੇਤਰੀ ਲੈਮਰ ਇੱਕ ਰੇਡੀਓ ਸਿਗਨਲ ਬਣਾਉਣ ਵਿੱਚ ਸਫਲ ਰਹੀ ਸੀ ਜਿਸ ਨੂੰ ਹੈਕ ਜਾਂ ਜਾਮ ਨਹੀਂ ਕੀਤਾ ਜਾ ਸਕਦਾ ਸੀ। ਭਾਵ ਟਾਰਪੀਡੋ ਨੂੰ ਟੀਚੇ ਤੱਕ ਪਹੁੰਚਣ ਤੋਂ ਕੋਈ ਨਹੀਂ ਰੋਕ ਸਕਦਾ ਸੀ। ਪਰ ਪਿਆਨੋ ਨੇ ਇਸ ਵਿੱਚ ਕੀ ਭੂਮਿਕਾ ਨਿਭਾਈ ? ਦਰਅਸਲ, ਹੇਡੀ, ਜੋ ਜਾਰਜ ਐਂਥਿਲ ਦੇ ਨਾਲ 5 ਸਾਲਾਂ ਤੋਂ ਪਿਆਨੋ ਵਜਾ ਰਹੀ ਸੀ, ਨੇ ਮਹਿਸੂਸ ਕੀਤਾ ਕਿ ਜੇਕਰ ਪਿਆਨੋ ਨੂੰ ਇੱਕ ਨੋਟ ਤੋਂ ਦੂਜੇ ਨੋਟ ਵਿੱਚ ਜਾਣ ਲਈ ਸਮਕਾਲੀ ਕੀਤਾ ਜਾ ਸਕਦਾ ਹੈ ਅਤੇ ਟਿਊਨ ਨੂੰ ਵਿਗਾੜਿਆ ਨਹੀਂ ਜਾ ਸਕਦਾ, ਤਾਂ ਇਹ ਇੱਕ ਮਾਰਗ ਦਰਸ਼ਨ ਵਰਗਾ ਹੋਵੇਗਾ। ਟਾਰਪੀਡੋ ਰੇਡੀਓ ਸਿਗਨਲ ਕਿਉਂ ਨਹੀ ਹੋ ਸਕਦੇ ? ਇਸ ਤਰ੍ਹਾਂ ਵਾਈ-ਫਾਈ ਦੀ ਨੀਂਹ ਰੱਖੀ ਗਈ


ਹੇਡੀ ਲੈਮਰ ਨੇ ਆਪਣੀ ਖੋਜ ਨੂੰ ਫਰੀਕੁਐਂਸੀ ਹੋਪਿੰਗ ਸਪ੍ਰੈਡ ਸਪੈਕਟਰਮ (FHSS) ਦਾ ਨਾਮ ਦਿੱਤਾ। ਇਹ ਰੇਡੀਓ ਸੰਚਾਰ ਦਾ ਇੱਕ ਗੁਪਤ ਮਾਧਿਅਮ ਸੀ। ਅਲੈਗਜ਼ੈਂਡਰਾ ਡੀਨ ਦਾ ਕਹਿਣਾ ਹੈ ਕਿ ਇਹੀ ਫਰੀਕੁਐਂਸੀ ਹੌਪਿੰਗ ਸਾਡੇ ਅੱਜ ਦੇ ਵਾਇਰਲੈੱਸ ਸੰਚਾਰ ਵਿੱਚ ਵਰਤੀ ਜਾਂਦੀ ਹੈ। ਬਲੂਟੁੱਥ, ਵਾਈ ਫਾਈ, ਫੌਜੀ ਸੰਚਾਰ ਇਸ ਦੀਆਂ ਉਦਾਹਰਣਾਂ ਹਨ। ਹੇਡੀ ਨੇ ਇਹ ਪੇਟੈਂਟ ਅਮਰੀਕੀ ਸਰਕਾਰ ਨੂੰ ਪੇਸ਼ ਕੀਤਾ ਸੀ।

**ਵਾਈ-ਫਾਈ ਕਿਵੇਂ ਮਦਦਗਾਰ ਹੈ ?**

ਹੁਣ ਆਓ ਸਮਝੀਏ Wi-Fi (Wireless Fidelity) ਜਾਂ ਕਹਿ ਲਈਏ ਤਾਰ ਰਹਿਤ ਵਫ਼ਾਦਾਰੀ ਕੀ ਹੈ ?

ਅਸਲ ਵਿੱਚ, Wi-Fi ਦੋ ਡਿਜੀਟਲ ਡਿਵਾਈਸਾਂ ਵਿਚਕਾਰ ਡਾਟਾ ਟਰਾਂਸਫਰ ਦਾ ਇੱਕ ਸਾਧਨ ਹੈ ਜੋ ਤਾਰਾਂ (ਵਾਇਰਲੈਸ) ਤੋਂ ਬਿਨਾਂ ਕੰਮ ਕਰਦਾ ਹੈ। ਇਸ ਵਿੱਚ ਰੇਡੀਓ ਤਰੰਗਾਂ ਦੀ ਵਰਤੋਂ ਦੋ ਯੰਤਰਾਂ (ਲੈਪਟਾਪ, ਡੈਸਕਟਾਪ, ਮੋਬਾਈਲ, ਪ੍ਰਿੰਟਰ, ਸਪੀਕਰ) ਵਿਚਕਾਰ ਡਾਟਾ ਦਾ ਆਦਾਨ-ਪ੍ਰਦਾਨ ਕਰਨ ਲਈ ਕੀਤੀ ਜਾਂਦੀ ਹੈ। ਵਾਈ-ਫਾਈ ਤੁਹਾਡੀ ਡਿਵਾਈਸ ਅਤੇ ਰਾਊਟਰ ਦੇ ਵਿਚਕਾਰ ਫਰੀਕੁਐਂਸੀ ਵਿੱਚ ਡਾਟਾ ਟਰਾਂਸਫਰ ਕਰਨ ਲਈ ਰੇਡੀਓ ਤਰੰਗਾਂ ਦੀ ਵਰਤੋਂ ਕਰਦਾ ਹੈ। ਜੇਕਰ ਅਸੀਂ ਮੋਬਾਈਲ ਫੋਨਾਂ ਦੀ ਗੱਲ ਕਰੀਏ, ਤਾਂ ਇਹ ਵਿਧੀ ਵਾਈ-ਫਾਈ ਐਕਸੈਸ ਪੁਆਇੰਟ ਦੇ ਆਲੇ ਦੁਆਲੇ ਸਥਿਤ ਮੋਬਾਈਲ ਫੋਨਾਂ ਨੂੰ ਵਾਇਰਲੈੱਸ ਇੰਟਰਨੈਟ ਪ੍ਰਦਾਨ ਕਰਦੀ ਹੈ। ਇਹ ਉਹ ਥਾਂ ਹੈ ਜਿੱਥੇ ਅਭਿਨੇਤਰੀ ਹੈਡੀ ਲੈਮਰ ਦੀ ਫਰੀਕੁਐਂਸੀ ਹੌਪਿੰਗ ਸਪ੍ਰੈਡ ਸਪੈਕਟਰਮ (Frequency-hopping spread spectrum (FHSS) ਦੀ ਖੋਜ ਕੰਮ ਕਰਦੀ ਹੈ। ਜਿਵੇਂ ਕਿ ਛਾਲ ਮਾਰਨ ਦਾ ਮਤਲਬ ਹੈ ਛਾਲ ਮਾਰਨਾ। ਇਸਦਾ ਮਤਲਬ ਹੈ ਕਿ ਡੇਟਾ ਭੇਜਣ ਲਈ ਵੱਖ-ਵੱਖ ਬਾਰੰਬਾਰਤਾ ਚੈਨਲਾਂ ਦੀ ਫਰੀਕੁਐਂਸੀ ਹੌਪਿੰਗ ਕਈ ਬਾਰੰਬਾਰਤਾ ਚੈਨਲਾਂ 'ਤੇ ਡਾਟਾ ਭੇਜਦੀ ਹੈ। ਇਸ ਕਾਰਨ ਕਿਸੇ ਵੀ ਹੈਕਰ ਜਾਂ ਜੈਮਰ ਲਈ ਇਸ ਚੈਨਲ ਨੂੰ ਤੋੜਨਾ ਮੁਸ਼ਕਿਲ ਹੋ ਜਾਂਦਾ ਹੈ। ਕਿਉਂਕਿ ਜਦੋਂ ਉਹ ਇੱਕ ਬਾਰੰਬਾਰਤਾ ਨੂੰ ਤੋੜਨ ਦੀ ਕੋਸ਼ਿਸ਼ ਕਰਦਾ ਹੈ, ਨੈੱਟਵਰਕ ਦੂਜੀ ਬਾਰੰਬਾਰਤਾ ਵਿੱਚ ਸਿਫਟ ਹੋ ਜਾਂਦਾ ਹੈ।

# ਲਹਿੰਦੇ ਪੰਜਾਬ ਦੇ ਦੋ ਪ੍ਰਸਿੱਧ ਲੋਕ ਨਾਇਕ, ਮਲੰਗੀ ਡਾਕੂ ਤੇ ਨਿਜ਼ਾਮ ਲੋਹਾਰ



ਬਲਰਾਜ ਸਿੰਘ ਸਿੱਧੂ
ਏਆਈਜੀ (ਰਿਟਾ)
ਮੋ. 9501100062

ਜਿਵੇਂ ਸਾਡੇ ਪੰਜਾਬ ਵਿੱਚ ਦੁੱਲਾ ਭੱਟੀ, ਜੱਗਾ ਡਾਕੂ, ਸੁੱਚਾ ਸੂਰਮਾ ਅਤੇ ਜਿਊਣਾ ਮੌੜ ਲੋਕ ਨਾਇਕਾਂ ਦੇ ਤੌਰ 'ਤੇ ਪ੍ਰਸਿੱਧ ਹੋਏ ਹਨ, ਉਸੇ ਤਰਾਂ ਪਾਕਿਸਤਾਨੀ ਪੰਜਾਬ ਜਾਂ ਲਹਿੰਦੇ ਪੰਜਾਬ ਵਿੱਚ ਮਲੰਗੀ ਡਾਕੂ ਅਤੇ ਨਿਜ਼ਾਮ ਲੋਹਾਰ ਪ੍ਰਸਿੱਧ ਹਨ।

ਮਲੰਗੀ - ਮਲੰਗੀ ਲਾਹੌਰ ਇਲਾਕੇ ਦਾ ਪ੍ਰਸਿੱਧ ਡਕੈਤ ਸੀ ਪਰ ਗਰੀਬ ਗੁਰਬਿਆਂ ਦੀ ਮਦਦ ਕਰਨ ਕਾਰਨ ਉਹ ਲੋਕ ਨਾਇਕ ਦੇ ਤੌਰ 'ਤੇ ਪ੍ਰਸਿੱਧ ਹੋਇਆ ਹੈ। ਉਸ ਦਾ ਜਨਮ ਪਿੰਡ ਸਿੱਧੂਪੁਰ (ਤਹਿਸੀਲ ਚੂਨੀਆਂ ਜਿਲ੍ਹਾ ਲਾਹੌਰ) ਵਿਖੇ ਸੰਨ 1890 - 91 ਵਿੱਚ ਹੋਇਆ ਸੀ। ਜਦੋਂ ਉਹ ਛੇ ਮਹੀਨੇ ਦਾ ਸੀ ਤਾਂ ਉਸ ਦੇ ਬਾਪ ਦੀ ਮੌਤ ਹੋ ਗਈ ਤੇ ਪਿੰਡ ਦੇ ਜ਼ੋਰਾਵਰ ਜ਼ੈਲਦਾਰ ਜ਼ਮਾਲ ਸ਼ਾਹ ਨੇ ਮਾਮਲਾ (ਜ਼ਮੀਨ ਦਾ ਟੈਕਸ) ਨਾ ਭਰਨ ਦਾ ਦੋਸ਼ ਲਗਾ ਉਸ ਦੀ ਮਾਂ ਨੂੰ ਜ਼ਮੀਨ ਤੋਂ ਬੇਦਖਲ ਕਰ ਦਿੱਤਾ। ਮਲੰਗੀ ਦੀ ਇੱਕ ਭੈਣ ਵੀ ਸੀ ਜੋ ਉਸ ਤੋਂ 10 - 12 ਸਾਲ ਵੱਡੀ ਸੀ। ਜਦੋਂ ਮਲੰਗੀ 7- 8 ਸਾਲ ਦਾ ਸੀ ਤਾਂ ਜ਼ੈਲਦਾਰ ਦੇ ਭਤੀਜੇ ਰਫੀਕ ਨੇ ਉਸ ਨਾਲ ਬਲਾਤਕਾਰ ਕਰ ਦਿੱਤਾ ਜਿਸ ਕਾਰਨ ਉਸ ਨੇ ਖੁਦਕੁਸ਼ੀ ਕਰ ਲਈ। ਜਦੋਂ ਮਲੰਗੀ ਜਵਾਨ ਹੋਇਆ ਤਾਂ ਉਸ ਨੂੰ ਲੋਕਾਂ ਦੇ ਮਜ਼ਾਕਾਂ ਦਾ ਸਾਹਮਣਾ ਕਰਨਾ ਪਿਆ ਕਿ ਜ਼ੈਲਦਾਰਾਂ ਨੇ ਉਸ ਦੀ ਜ਼ਮੀਨ ਦੇ ਨਾਲ ਨਾਲ ਭੈਣ ਦੀ ਇੱਜ਼ਤ ਵੀ ਲੁੱਟ ਲਈ ਹੈ।

ਅਣਖੀਲੇ ਮਲੰਗੀ ਕੋਲੋਂ ਇਹ ਬੇਇੱਜ਼ਤੀ ਬਰਦਾਸ਼ਤ ਨਾ ਹੋਈ। ਉਹ ਡਾਕੂਆਂ ਦੇ ਇੱਕ ਗਰੋਹ ਵਿੱਚ ਸ਼ਾਮਲ ਹੋ ਗਿਆ ਤੇ ਜਲਦੀ ਹੀ ਉਸ ਦਾ ਸਰਦਾਰ ਬਣ ਗਿਆ। ਉਸ ਨੇ ਪਹਿਲੀ ਵੱਡੀ ਵਾਰਦਾਤ ਆਪਣਾ ਬਦਲਾ ਲੈਣ ਲਈ ਕੀਤੀ ਤੇ ਸਿੱਧੂਪੁਰ 'ਤੇ ਹਮਲਾ ਕਰ ਕੇ ਜ਼ੈਲਦਾਰ ਜਮਾਲ ਸ਼ਾਹ ਅਤੇ ਬਲਾਤਕਾਰੀ ਰਫੀਕ ਸਮੇਤ ਪਰਿਵਾਰ ਦੇ 9 ਮਰਦ ਕਤਲ ਕਰ ਦਿੱਤੇ। ਇਸ ਤੋਂ ਬਾਅਦ ਉਹ ਆਮ ਜਨਤਾ ਵਿੱਚ ਮਰਦਾਨਗੀ ਅਤੇ ਅਣਖ ਦਾ ਤੇ ਦੇਸ਼ ਦੇ ਗੱਦਾਰ ਜ਼ੈਲਦਾਰਾਂ, ਨੰਬਰਦਾਰਾਂ, ਸਫੈਦਪੋਸ਼ਾਂ ਤੇ ਲੋਕਾਂ ਦਾ ਖੂਨ ਚੂਸਣ ਵਾਲੇ ਸ਼ਾਹੂਕਾਰਾਂ ਲਈ ਦਹਿਸ਼ਤ ਦਾ ਪ੍ਰਤੀਕ ਬਣ ਗਿਆ। ਉਸ ਨੇ ਅਨੇਕਾਂ ਸਰਕਾਰੀ ਝੋਲੀਚੁੱਕ ਅਹਿਲਕਾਰਾਂ ਨੂੰ ਲੁੱਟਿਆ ਤੇ ਮਾਲ ਲੋੜਵੰਦਾਂ ਵਿੱਚ ਵੰਡ ਦਿੱਤਾ ਜਿਸ ਕਾਰਨ ਉਸ ਦੀ ਛਵੀ ਰਬਿਨਹੁੱਡ ਵਾਲੀ ਬਣ ਗਈ। ਪੰਜਾਬ ਸਰਕਾਰ ਵੱਲੋਂ ਉਸ ਦੀ ਗ੍ਰਿਫਤਾਰੀ ਲਈ ਦੋ ਮੁਰੱਬੇ (50 ਏਕੜ) ਜ਼ਮੀਨ ਅਤੇ 1000 ਰੁਪਏ ਇਨਾਮ ਰੱਖਣ ਦੇ ਬਾਵਜੂਦ ਕਿਸੇ ਨੇ ਵੀ ਉਸ ਦੀ ਮੁਖਬਰੀ ਨਾ ਕੀਤੀ ਤੇ ਉਹ ਕਈ ਸਾਲਾਂ ਤੱਕ ਸਰਗਰਮ ਰਿਹਾ। ਨੁਸਰਤ ਫਤਿਹ ਅਲੀ ਖਾਨ ਦੀ ਕੱਵਾਲੀ ਉਜੋ ਜੰਮਿਆਂ ਸੋ ਮਰਨਾ ਉਸ ਨੇ, ਜੋ ਬਣਿਆਂ ਜੋ ਢਹਿਣਾ" ਦੇ ਅਨੁਸਾਰ ਉਸ ਦਾ ਵੀ ਆਖਰੀ ਵਕਤ ਆ ਗਿਆ। ਮਲੰਗੀ ਆਪਣੇ ਸਭ ਤੋਂ ਭਰੋਸੇ ਯੋਗ ਸਾਥੀ ਕਰੀਮ ਬਖਸ਼ ਅਰਾਈਂ ਦੀ ਗੱਦਾਰੀ ਕਾਰਨ ਦਸੰਬਰ 1929 ਨੂੰ ਹੋਏ ਇੱਕ ਗਹਿਗੱਚ ਮੁਕਾਬਲੇ ਦੌਰਾਨ ਪੁਲਿਸ ਹੱਥੋਂ ਮਾਰਿਆ ਗਿਆ। ਪੂਰੀ ਚੜ੍ਹਾਈ ਦੌਰਾਨ ਉਸ ਦੀ ਇਲਾਕੇ ਵਿੱਚ ਐਨੀ ਦਹਿਸ਼ਤ ਹੁੰਦੀ ਸੀ ਕਿ ਮੁਹਾਵਰਾ ਬਣ ਗਿਆ ਸੀ, ਉਦਿਨੇ ਰਾਜ ਫਿਰੰਗੀ ਦਾ ਤੇ ਰਾਤੀਂ ਰਾਜ ਮਲੰਗੀ ਦਾ।"

ਮਲੰਗੀ ਦੀ ਕਹਾਣੀ ਕਈ ਥਾਈਂ ਜੱਗੇ ਡਾਕੂ ਨਾਲ ਰਲਗੱਡ ਹੁੰਦੀ ਹੈ। ਜੱਗੇ ਦੀ ਭਗੌੜਾ ਹੋਣ ਤੋਂ ਪਹਿਲਾਂ ਮਲੰਗੀ ਨਾਲ ਗੂੜ੍ਹੀ ਯਾਰੀ ਸੀ ਕਿਉਂਕਿ ਮਲੰਗੀ ਦਾ ਪਿੰਡ ਜੱਗੇ ਦੇ ਪਿੰਡ ਬੁਰਜ ਰਣ ਸਿੰਘ ਵਾਲਾ ਦੇ ਨਜ਼ਦੀਕ ਹੀ ਸੀ। ਉਹ ਲੰਘਦਾ ਵੜਦਾ ਜੱਗੇ ਦੇ ਡੇਰੇ ਠਹਿਰ ਕੇ ਰੋਟੀ ਪਾਣੀ ਛਕ ਜਾਂਦਾ ਸੀ ਤੇ ਜੱਗਾ ਉਸ ਦੀ ਬਹਾਦਰੀ ਦੀਆਂ ਕਹਾਣੀਆਂ ਤੋਂ ਬਹੁਤ ਪ੍ਰਭਾਵਿਤ ਸੀ। ਜੱਗੇ ਦਾ ਜਨਮ 1901-02 ਈਸਵੀ ਦੇ ਕਰੀਬ ਹੋਇਆ ਸੀ ਤੇ ਮਲੰਗੀ ਦੀ ਮੌਤ ਵੇਲੇ ਉਹ ਕਰੀਬ 26 - 27 ਸਾਲ ਦਾ ਭਰ ਜਵਾਨ ਚੋਬਰ ਸੀ। ਜਦੋਂ ਉਹ ਖੂੰਖਾਰ ਡਾਕੂ ਬਣ ਗਿਆ ਤਾਂ ਉਸ ਨੇ ਮਲੰਗੀ ਦਾ ਬਦਲਾ ਲੈਣ ਦੀ ਠਾਣ ਲਈ। ਪਰ ਉਸ ਨੂੰ ਚਿੱਤ ਚੇਤੇ ਵੀ ਨਹੀਂ ਸੀ ਕਿ ਉਸ ਦਾ ਆਪਣਾ ਹਾਲ ਮਲੰਗੀ ਵਾਲਾ ਹੋਣ ਵਾਲਾ ਹੈ ਤੇ ਉਸ ਦਾ ਸਾਥੀ ਲਾਲੂ ਪੁਲਿਸ ਦਾ ਟਾਊਟ ਬਣ ਚੁੱਕਾ ਹੈ। ਇੱਕ ਦਿਨ ਦੁਪਹਿਰੇ ਜੱਗਾ ਆਪਣੇ ਸਾਥੀਆਂ ਸੋਹਣ ਤੇਲੀ, ਲਾਲੂ ਤੇ ਬੰਤੇ ਸਮੇਤ ਮਲੰਗੀ ਦੇ ਉੱਜੜੇ ਹੋਏ ਡੇਰੇ ਉਸ ਦੀ ਅੰਨ੍ਹੀ ਮਾਂ ਕੋਲ ਜਾ ਪਹੁੰਚਿਆ। ਲਾਲੂ ਦਾ ਪਿੰਡ ਲੱਖੂਕੇ ਸਿੱਧੂਪੁਰ ਦੇ ਨਜ਼ਦੀਕ ਹੀ ਪੈਂਦਾ ਸੀ ਤੇ ਉਸ ਨੇ ਮਿਲਣ ਗਿਲਣ ਤੇ ਸ਼ਰਾਬ ਮੰਗਾਉਣ ਦੇ ਬਹਾਨੇ ਆਪਣੇ ਪੰਜ ਭਰਾਵਾਂ ਨੂੰ ਉਥੇ ਬੁਲਾ ਲਿਆ। ਸੋਹਣ ਤੇਲੀ ਨੇ ਲੱਖੂਕੇ ਪਿੰਡ ਆਪਣੇ ਕਿਸੇ ਵਾਕਿਫ ਨੂੰ ਮਿਲਣ ਲਈ ਜਾਣਾ ਸੀ, ਇਸ ਲਈ ਉਸ ਨੇ ਸ਼ਰਾਬ ਨਾ ਪੀਤੀ। ਜਦੋਂ ਜੱਗਾ ਤੇ ਉਸ ਦਾ ਸਾਥੀ ਬੰਤਾ ਸ਼ਰਾਬੀ ਹੋ ਗਏ ਤਾਂ ਸਾਰਿਆਂ ਨੇ ਰੋਟੀ ਖਾਧੀ। ਰੋਟੀ ਖਾਣ ਤੋਂ ਬਾਅਦ ਬੰਤਾ ਤੇ ਜੱਗਾ ਸੌਂ ਗਏ ਤੇ ਸੋਹਣ ਆਪਣੇ ਵਾਕਿਫ ਨੂੰ ਮਿਲਣ ਲਈ ਤੁਰ ਗਿਆ। ਉਸ ਦੇ ਜਾਂਦਿਆਂ ਸਾਰ ਲਾਲੂ ਹੋਰਾਂ ਨੇ ਜੱਗੇ ਅਤੇ ਬੰਤੇ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਸੋਹਣ ਤੇਲੀ ਗੋਲੀਆਂ ਦੀ ਅਵਾਜ਼ ਸੁਣ ਕੇ ਵਾਪਸ ਆਇਆ ਤਾਂ ਉਸ ਨੂੰ ਵੀ ਗੋਲੀ ਮਾਰ ਦਿੱਤੀ ਗਈ। ਜੱਗੇ ਦੀ ਮੌਤ ਫਰਵਰੀ 1930 ਵਿੱਚ ਮਲੰਗੀ ਦੀ ਮੌਤ ਤੋਂ ਕਰੀਬ ਚਾਰ ਕੁ ਮਹੀਨੇ ਬਾਅਦ ਹੋਈ ਸੀ।

ਨਿਜ਼ਾਮ ਲੋਹਾਰ - ਨਿਜ਼ਾਮ ਲੋਹਾਰ ਭਾਵੇਂ ਡਾਕੂ ਸੀ, ਪਰ ਲਹਿੰਦੇ ਪੰਜਾਬ ਵਿੱਚ ਉਸ ਨੂੰ ਸੁਤੰਤਰਤਾ ਸੰਗਰਾਮੀ ਦੇ ਤੌਰ 'ਤੇ ਯਾਦ ਕੀਤਾ ਜਾਂਦਾ ਹੈ। ਨਿਜ਼ਾਮ ਦਾ ਜਨਮ ਸਿੱਖ ਰਾਜ ਸਮੇਂ ਸੰਨ 1835 ਈਸਵੀ ਨੂੰ ਜਿਲ੍ਹਾ ਤਰਨ ਤਾਰਨ (ਸ਼ਾਇਦ ਪਿੰਡ ਸੋਹਲ ਥਾਣਾ ਝਬਾਲ) ਵਿਖੇ ਹੋਇਆ ਸੀ। ਸੰਨ 1849 ਵਿੱਚ ਜਦੋਂ ਉਹ 13 - 14 ਸਾਲ ਦਾ ਸੀ ਤਾਂ ਅੰਗਰੇਜ਼ਾਂ ਨੇ ਪੰਜਾਬ ਨੂੰ ਆਪਣੇ ਕਬਜ਼ੇ ਹੇਠ ਕਰ ਲਿਆ। ਨਿਜ਼ਾਮ ਖੇਤੀਬਾੜੀ ਦੇ ਸੰਦ ਬਣਾਉਣ ਦੇ ਨਾਲ ਦੇਸੀ ਪਿਸਤੌਲ ਬਣਾਉਣ ਦਾ ਵੀ ਉਸਤਾਦ ਸੀ। ਲੋਕ ਗਾਥਾਵਾਂ ਅਨੁਸਾਰ ਸੰਨ 1868 ਈਸਵੀ ਵਿੱਚ ਉਸ ਦਾ ਕਿਸੇ ਅੰਗਰੇਜ਼ ਅਫਸਰ ਨਾਲ ਕਿਸੇ ਗੱਲ ਤੋਂ ਝਗੜਾ ਹੋ ਗਿਆ ਜਿਸ ਨੇ ਪੰਜਾਬੀਆਂ ਬਾਰੇ ਬਹੁਤ ਹੀ ਭੱਦੇ ਸ਼ਬਦਾਂ ਦੀ ਵਰਤੋਂ ਕੀਤੀ। ਗੁੱਸੇ ਵਿੱਚ ਆ ਕੇ ਨਿਜ਼ਾਮ ਨੇ ਉਸ ਨੂੰ ਕਤਲ ਕਰ ਦਿੱਤਾ ਤੇ ਫਰਾਰ ਹੋ ਕੇ ਉਸ ਸਮੇਂ ਦੇ ਪ੍ਰਸਿੱਧ ਡਕੈਤਾਂ ਜੀਤ ਸਿੰਘ ਅਤੇ ਮਲਕੀਤ ਸਿੰਘ ਦੇ ਗਰੋਹ ਵਿੱਚ ਸ਼ਾਮਲ ਹੋ ਗਿਆ। ਨਿਜ਼ਾਮ ਦੀ ਅਗਵਾਈ ਹੇਠ ਗਰੋਹ ਨੇ ਸਰਕਾਰੀ ਖਜ਼ਾਨੇ ਅਤੇ ਅਮੀਰਾਂ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ ਤੇ ਲੁੱਟਿਆ ਹੋਇਆ ਮਾਲ ਗਰੀਬਾਂ ਵਿੱਚ ਵੰਡ ਦੇਣ ਕਾਰਨ ਉਹ ਜਨਤਾ ਵਿੱਚ ਬੇਹੱਦ ਪ੍ਰਸਿੱਧ ਹੋ ਗਿਆ।

1872 ਈਸਵੀ ਵਿੱਚ ਨਜ਼ਾਇਜ ਹਥਿਆਰ ਬਰਾਮਦ ਕਰਨ ਖਾਤਰ ਪੁਲਿਸ ਨੇ ਅੰਗਰੇਜ਼ ਡੀ.ਐਸ.ਪੀ. ਰਿਚਰਡ ਕੋਲ ਦੀ ਅਗਵਾਈ ਹੇਠ ਉਸ ਦੇ ਘਰ 'ਤੇ ਰੇਡ ਕਰ ਦਿੱਤੀ। ਉਸ ਦਾ ਗੁਪਤ ਤਹਿਖਾਨਾ ਲੱਭਣ ਲਈ ਉਸ ਦੀ ਭੈਣ ਅਤੇ ਮਾਂ 'ਤੇ ਭਿਆਨਕ ਤਸ਼ੱਦਦ ਕੀਤਾ ਗਿਆ ਜਿਸ ਕਾਰਨ ਉਸ ਦੀ ਮਾਂ ਦੀ ਮੌਤ ਹੋ ਗਈ। ਜਦੋਂ ਇਹ ਖਬਰ ਨਿਜ਼ਾਮ ਕੋਲ ਪਹੁੰਚੀ ਤਾਂ ਉਸ ਦੇ ਤਨ ਬਦਨ ਨੂੰ ਅੱਗ ਲੱਗ ਗਈ। ਉਸ ਨੇ ਕੁਝ ਹੀ ਦਿਨਾਂ ਬਾਅਦ ਥਾਣੇ 'ਤੇ ਹਮਲਾ ਕਰ ਕੇ ਰਿਚਰਡ ਕੋਲ ਦੀ ਹੱਤਿਆ ਕਰ ਦਿੱਤੀ ਤੇ ਮਹੀਨੇ ਕੁ ਬਾਅਦ ਰੇਡ ਦਾ ਹੁਕਮ ਦੇਣ ਵਾਲੇ ਐਸ.ਪੀ. ਰੋਨਾਲਡ ਦਾ ਵੀ ਕਤਲ ਕਰ ਦਿੱਤਾ। ਐਨੇ ਸੀਨੀਅਰ ਅੰਗਰੇਜ਼ ਅਫਸਰਾਂ ਦੇ ਕਤਲ ਹੋ ਜਾਣ ਕਾਰਨ ਪੁਲਿਸ ਹੱਥ ਧੋ ਕੇ ਨਿਜ਼ਾਮ ਦੇ ਪਿੱਛੇ ਪੈ ਗਈ ਪਰ ਉਹ ਹੱਥ ਨਾ ਆਇਆ ਤੇ ਛਾਂਗਾ ਮਾਂਗਾ ਦੇ ਜੰਗਲ (ਕਸੂਰ) ਵਿੱਚ ਗਾਇਬ ਹੋ ਗਿਆ। ਕੁਝ ਮਹੀਨੇ ਸ਼ਾਂਤ ਰਹਿਣ ਤੋਂ ਬਾਅਦ ਉਸ ਨੇ ਕਸੂਰ ਥਾਣੇ 'ਤੇ ਹਮਲਾ ਕਰ ਦਿੱਤਾ ਤੇ ਆਪਣੇ ਦੋ ਪੁਰਾਣੇ ਸਾਥੀਆਂ ਜਬਰੂ ਤੇ ਸੁਰਜੂ ਨੂੰ ਪੁਲਿਸ ਹਿਰਾਸਤ ਤੋਂ ਛੁਡਾ ਲਿਆ। ਦੋ ਕੁ ਮਹੀਨਿਆਂ ਬਾਅਦ ਜਦੋਂ ਨਿਜ਼ਾਮ ਕੁਦਰਤੀ ਸੁਰਜੂ ਦੀ ਮਾਤਾ ਦਾ ਹਾਲ ਚਾਲ ਪਤਾ ਕਰਨ ਲਈ ਉਸ ਦੇ ਘਰ ਗਿਆ ਤਾਂ ਪਤਾ ਚੱਲਿਆ ਕਿ ਉਹ ਕਿਸੇ ਤਵਾਇਫ ਦੇ ਇਸ਼ਕ ਵਿੱਚ ਪਾਗਲ ਹੋਇਆ ਫਿਰਦਾ ਹੈ ਤੇ ਦੇਖ ਭਾਲ ਖੁਣੋਂ ਬਜ਼ੁਰਗ ਮਾਤਾ ਦੀ ਹਾਲਤ ਬਹੁਤ ਬੁਰੀ ਹੈ। ਇਸ 'ਤੇ ਗੁੱਸੇ ਵਿੱਚ ਆ ਕੇ ਨਿਜ਼ਾਮ ਨੇ ਸੁਰਜੂ ਦੀ ਰੱਜ ਕੇ ਫਿੱਟ ਲਾਹਨਤ ਕੀਤੀ ਤੇ ਉਸ ਨੂੰ ਤਵਾਇਫ ਤੋਂ ਖਹਿੜਾ ਛੁਡਾ ਕੇ ਆਪਣੀ ਮਾਂ ਦਾ ਖਿਆਲ ਰੱਖਣ ਦੀ ਸਖਤ ਤਾੜਨਾ ਕੀਤੀ। ਇਸ ਗੱਲ ਦਾ ਜਦੋਂ ਤਵਾਇਫ ਨੂੰ ਪਤਾ ਲੱਗਾ ਤਾਂ ਉਸ ਨੇ ਸੁਰਜੂ ਨੂੰ ਨਿਜ਼ਾਮ ਦੇ ਖਿਲਾਫ ਭੜਕਾਉਣਾ ਸ਼ੁਰੂ ਕਰ ਦਿੱਤਾ। ਉਸ ਦੇ ਇਸ਼ਕ ਵਿੱਚ ਅੰਨ੍ਹਾਂ ਹੋਇਆ ਸੁਰਜੂ ਪੁਲਿਸ ਦਾ ਮੁਖਬਰ ਬਣ ਗਿਆ ਤੇ ਕਸੂਰ ਜਿਲ੍ਹੇ ਵਿਖੇ ਨਿਜ਼ਾਮ ਦੇ ਟਿਕਾਣੇ ਦੀ ਸੂਹ ਦੇ ਦਿੱਤੀ। ਇਸ 'ਤੇ ਵੱਡੀ ਗਿਣਤੀ ਵਿੱਚ ਪੁਲਿਸ ਨੇ ਉਸ ਦੀ ਘੇਰਬੰਦੀ ਕਰ ਲਈ ਤੇ ਦੋ ਤਿੰਨ ਘੰਟੇ ਦੀ ਗੋਲਾਬਾਰੀ ਤੋਂ ਬਾਅਦ ਨਿਜ਼ਾਮ ਆਪਣੇ ਛੇ ਸਾਥੀਆਂ ਸਮੇਤ ਮਾਰਿਆ ਗਿਆ ਪਰ ਜਬਰੂ ਬਚ ਕੇ ਨਿਕਲ ਗਿਆ। ਜਦੋਂ ਜਬਰੂ ਨੂੰ ਸੁਰਜੂ ਦੀ ਗੱਦਾਰੀ ਬਾਰੇ ਪਤਾ ਚੱਲਿਆ ਤਾਂ ਉਸ ਨੇ ਹਫਤੇ ਕੁ ਬਾਅਦ ਹੀ ਉਸ ਦੀ ਹੱਤਿਆ ਕਰ ਦਿੱਤੀ। ਨਿਜ਼ਾਮ ਨੂੰ ਕਸੂਰ ਦੇ ਕਬਰਿਸਤਾਨ ਵਿਖੇ ਦਫਨਾਇਆ ਗਿਆ ਸੀ। ਅੰਗਰੇਜ਼ ਸਰਕਾਰ ਨੇ ਉਸ ਦੇ ਦਫਨ ਕਫਨ ਸਮੇਂ ਹੋਣ ਵਾਲੇ ਇਕੱਠ 'ਤੇ ਕੰਟਰੋਲ ਕਰਨ ਲਈ ਹੁਕਮ ਜਾਰੀ ਕਰ ਦਿੱਤੇ ਕਿ ਜੋ ਵੀ ਉਸ ਦੇ ਜ਼ਨਾਜੇ ਵਿੱਚ ਸ਼ਾਮਲ ਹੋਣਾ ਚਾਹੁੰਦਾ ਹੈ, ਉਸ ਨੂੰ 2 ਰੁਪਏ (ਉਸ ਵੇਲੇ ਵੱਡੀ ਰਕਮ) ਟੈਕਸ ਦੇਣਾ ਪਵੇਗਾ। ਪਰ ਨਿਜ਼ਾਮ ਲੋਹਾਰ ਐਨਾ ਹਰਮਨ ਪਿਆਰਾ ਸੀ ਕਿ ਸਰਕਾਰ ਨੂੰ 35000 ਰੁਪਏ ਟੈਕਸ ਪ੍ਰਾਪਤ ਹੋਇਆ ਜਿਸ ਤੋਂ ਪਤਾ ਲੱਗਦਾ ਹੈ ਕਿ 17500 ਲੋਕ ਉਸ ਦੇ ਜਨਾਜ਼ੇ ਵਿੱਚ ਸ਼ਾਮਲ ਹੋਏ ਸਨ।

# ਸਾਡੀ ਡਿਜ਼ੀਟਲ ਲਾਈਫ਼



ਪ੍ਰੋ. ਕੁਲਬੀਰ ਸਿੰਘ
9417153513

ਐਜ਼ਰਾ ਕਲੇਨ 'ਦਾ ਨਿਊਯਾਰਕ ਟਾਈਮਜ਼' ਦਾ ਕਾਲਮਨਵੀਸ ਹੈ। ਚਰਚਿਤ ਪੱਤਰਕਾਰ ਹੈ ਅਤੇ 'ਐਜ਼ਰਾ ਕਲੇਨ ਸ਼ੋਅ' ਨਾਂਅ ਦਾ ਟੈਲੀਵਿਜ਼ਨ ਪ੍ਰੋਗਰਾਮ ਪੇਸ਼ ਕਰਦਾ ਹੈ।ਬੀਤੇ ਦਿਨੀਂ ਮੈਂ ਉਸਦਾ ਇਕ ਆਰਟੀਕਲ ਪੜ੍ਹ ਰਿਹਾ ਸਾਂ ਜਿਸ ਵਿਚ ਉਸਨੇ ਆਪਣੀ ਡਿਜ਼ੀਟਲ ਲਾਈਫ਼ ਵਿਚ ਜਮ੍ਹਾਂ ਹੋਏ ਕਬਾੜ ਦੇ ਢੇਰਾਂ ਦਾ ਜ਼ਿਕਰ ਕੀਤਾ ਸੀ। ਉਸਨੇ ਦੱਸਿਆ ਸੀ ਕਿ 10 ਲੱਖ ਦੇ ਕਰੀਬ ਈ ਮੇਲ ਬਿਨ੍ਹਾਂ ਪੜ੍ਹੇ ਪਈਆਂ ਹਨ। ਉਹ ਇਹ ਵੀ ਜਾਣਦਾ ਹੈ ਕਿ ਉਨ੍ਹਾਂ ਵਿਚ ਯਕੀਨਨ ਕੁਝ ਜ਼ਰੂਰੀ ਈ ਮੇਲ ਵੀ ਹਨ। ਪਰ ਉਸਨੂੰ ਸਮਝ ਨਹੀਂ ਆ ਰਹੀ ਕਿ ਉਨ੍ਹਾਂ ਨੂੰ ਕਿਵੇਂ ਢੰਗ-ਸਿਰ ਕਰੇ ਅਤੇ ਜ਼ਰੂਰੀ ਦੀ ਛਾਂਟੀ ਕਰਕੇ ਉਨ੍ਹਾਂ ਨੂੰ ਪੜ੍ਹ ਸਕੇ। ਇਹਦੇ ਵਿਚ ਅਜਿਹੀ ਕੋਈ ਵੀ ਤਕਨੀਕੀ ਸਹੂਲਤ ਉਸਦੇ ਕੰਮ ਨਹੀਂ ਆ ਰਹੀ।

ਅਖ਼ੀਰ ਵਿਚ ਉਹ ਕਹਿੰਦਾ ਹੈ ਕਿ ਮੇਰੀ ਡਿਜ਼ੀਟਲ ਲਾਈਫ਼ ਬਾਗ਼-ਬਗੀਚੇ ਵਰਗੀ ਹੋਣੀ ਚਾਹੀਦੀ ਹੈ ਜਿੱਥੇ ਉਹ ਤਰੋਤਾਜ਼ਾ ਹੋਣ ਲਈ ਜਾਵੇ। ਨਾਲ ਹੀ ਪੁੱਛਦਾ ਹੈ - ਕੀ, ਅਜਿਹਾ ਸੰਭਵ ਹੈ ? ਸੱਚਮੁਚ ਸਾਡੀ ਡਿਜ਼ੀਟਲ ਲਾਈਫ਼ ਬੜੀ ਗੁੰਝਲਦਾਰ, ਬੜੀ ਉਕਾਊ, ਬੜੀ ਤਣਾਓ ਭਰੀ ਹੋ ਗਈ ਹੈ। ਹਰ ਕੋਈ ਇਹਦੇ ਵਿਚ ਰਹਿਣਾ ਵੀ ਚਾਹੁੰਦਾ ਹੈ, ਨਹੀਂ ਵੀ ਰਹਿਣਾ ਚਾਹੁੰਦਾ। ਸੋਸ਼ਲ ਮੀਡੀਆ ਦੇ ਵੱਡੇ ਵੱਡੇ ਫੰਨੇ ਖਾਂ ਇਸਤੋਂ ਤੌਬਾ ਕਰ ਗਏ ਹਨ। ਫੇਸਬੁੱਕ ਦੇ ਧਨੰਤਰ ਇਸ ਨੂੰ ਅਲਵਿਦਾ ਕਹਿ ਗਏ ਹਨ। ਇੰਟਰਨੈਟ ਦੀ ਦੁਨੀਆਂ ਤੋਂ ਕਰੋੜਾਂ ਲੋਕ ਅੱਕੇ ਪਏ ਹਨ। ਈ ਮੇਲ, ਮੈਸਜ, ਵੱਟਸਐਪ ਦਾ ਕਚਰਾ ਸਾਫ਼ ਕਰ ਕਰ ਥੱਕੇ ਪਏ ਹਨ।

ਕੋਈ ਬੇਨਤੀਆਂ ਕਰ ਰਿਹਾ ਮੈਨੂੰ ਟੈਗ ਨਾ ਕਰੋ। ਕੋਈ ਤਰਲੇ ਲੈ ਰਿਹਾ ਮੈਨੂੰ ਬਲੋੜੇ ਮੈਸਜ਼ ਨਾ ਭੇਜੋ। ਕੋਈ ਧਮਕੀਆਂ ਦੇ ਰਿਹਾ ਮੈਨੂੰ ਧੱਕੇ ਨਾਲ ਗਰੁੱਪਾਂ ਵਿਚ ਸ਼ਾਮਲ ਨਾ ਕਰੋ। ਡਿਜ਼ੀਟਲ ਲਾਈਫ਼ ਲੜਾਈ ਦਾ ਮੈਦਾਨ ਬਣ ਗਈ ਹੈ।

ਮੈਂ ਇਕ ਡਾਕਟਰ ਨੂੰ ਵੇਖਿਆ ਕਿ ਇਕ ਮਰੀਜ਼ ਤੋਂ ਦੂਸਰੇ ਮਰੀਜ਼ ਵਿਚਾਲੇ ਮਿਲਦੇ ਭੋਰਾ ਜਿਹੇ ਵਕਤ ਨੂੰ ਉਹ ਫਾਲਤੂ ਈ ਮੇਲ ਡਲੀਟ ਕਰਨ ਲਈ ਵਰਤ ਰਿਹਾ ਸੀ।

ਮਨੁੱਖ ਅਤੇ ਮਸ਼ੀਨ ਵਿਚ ਅੰਤਰ ਹੈ। ਇਹ ਕੁਦਰਤ ਦੀ ਸਿਰਜੀ ਹੋਈ ਮਸ਼ੀਨ ਹੈ। ਪਰ ਅਜੋਕੇ ਡਿਜ਼ੀਟਲ ਦੌਰ ਵਿਚ ਮਨੁੱਖ ਦੁਆਰਾ ਬਣਾਈਆਂ ਅਤੇ ਕੁਦਰਤ ਦੁਆਰਾ ਸਿਰਜੀ ਇਸ ਮਸ਼ੀਨ ਵਿਚਲਾ ਅੰਤਰ ਘੱਟਦਾ ਜਾ ਰਿਹਾ ਹੈ।

ਜਦੋਂ ਤੁਸੀਂ ਸੋਸ਼ਲ ਮੀਡੀਆ 'ਤੇ ਕਿਸੇ ਨੂੰ ਬੁਰਾ ਭਲਾ ਕਹਿੰਦੇ ਹੋ, ਬੋਲ ਕਬੋਲ ਲਿਖਦੇ ਹੋ, ਗਾਲੀ ਗਲੋਚ ਕਰਦੇ ਹੋ। ਕਿਸੇ ਨੂੰ ਨਿਸ਼ਾਨਾ ਬਣਾ ਕੇ ਪੋਸਟਾਂ ਪਾਉਂਦੇ ਹੋ ਤਾਂ ਤੁਸੀਂ ਤੰਦਰੁਸਤ ਨਹੀਂ ਹੋ। ਕੋਈ ਨਾ ਕੋਈ ਸਰੀਰਕ ਮਾਨਸਿਕ ਵਿਗਾੜ ਉੱਭਰ ਆਏ ਹਨ ਅਤੇ ਉਹ ਡਿਜ਼ੀਟਲ ਲਾਈਫ਼ ਦੇ ਹੀ ਪੈਦਾ ਕੀਤੇ ਹੋਏ ਹਨ।ਸ਼ੁਰੂ ਵਿਚ ਛੇਤੀ ਕੀਤੇ ਅਜਿਹਾ ਵਿਅਕਤੀ ਮੰਨਣ ਸਮਝਣ ਲਈ ਤਿਆਰ ਨਹੀਂ ਹੁੰਦਾ ਕਿ ਉਹ ਬੁਰੀ ਤਰ੍ਹਾਂ ਡਿਜ਼ੀਟਲ ਲਾਈਫ਼ ਵਿਚ ਘਿਰ ਗਿਆ ਹੈ। ਉਸਨੂੰ ਸੋਸ਼ਲ ਮੀਡੀਆ ਦੀ ਲੱਤ ਲੱਗ ਚੁੱਕੀ ਹੈ। ਉਹ ਰੋਜ਼ਾਨਾ ਇਕ ਦੋ ਪੋਸਟਾਂ ਪਾਏ ਬਿਨ੍ਹਾਂ ਰਹਿ ਨਹੀਂ ਸਕਦਾ। ਮਾਹਿਰ ਇਸ ਨੂੰ ਡਿਜ਼ੀਟਲ ਅਡਿਕਸ਼ਨ ਦਾ ਨਾਂ ਦਿੰਦੇ ਹਨ। ਤੁਸੀਂ ਆਪਣੇ ਜ਼ਰੂਰੀ ਕੰਮ ਛੱਡ ਕੇ ਵਾਰ ਵਾਰ ਸਮਾਰਟ ਫੋਨ ਖੋਲ੍ਹਦੇ ਹੋ। ਫੇਸਬੁੱਕ, ਵੱਟਸਐਪ, ਟਵਿੱਟਰ 'ਤੇ ਜਾਂਦੇ ਹੋ। ਸਟੇਟਸ ਚੈੱਕ ਕਰਦੇ ਹੋ। ਜਿਧਰ ਨਜ਼ਰ ਮਾਰੋ ਹਰ ਕੋਈ ਫੋਨ 'ਤੇ ਰੁੱਝਾ ਹੋਇਆ ਹੈ। ਬੈਠਾ ਹੋਇਆ, ਖੜੋਤਾ ਹੋਇਆ, ਤੁਰਦਾ ਹੋਇਆ, ਇਕੱਲਾ, ਗਰੁੱਪ ਵਿਚ। ਪਤਾ ਨਹੀਂ ਸ਼ੀਸ਼ੇ ਦੇ ਇਸ ਛੋਟੇ ਜਿਹੇ ਟੁਕੜੇ ਵਿਚੋਂ ਅਸੀਂ ਕੀ ਲੱਭਦੇ ਹਾਂ ? ਇਸ ਨਕਲੀ ਸੰਸਾਰ ਵਿਚ ਕੀ ਗਵਾਚ ਗਿਆ ਹੈ ਸਾਡਾ ? ਹਰ ਕਿਸੇ 'ਤੇ ਪ੍ਰਸਿੱਧ ਹੋਣ ਦੀ, ਚਰਚਿਤ ਹੋਣ ਦੀ, ਮਸ਼ਹੂਰ ਹੋਣ ਦੀ, ਵੱਡਾ ਵਿਅਕਤੀ ਦਿਸਣ ਦੀ ਧੁਨ ਸਵਾਰ ਹੈ।

80-85 ਫੀਸਦੀ ਪੋਸਟਾਂ ਬੇਕਾਰ ਹੁੰਦੀਆਂ ਹਨ। ਪੰਜਾਹ ਪ੍ਰਤੀਸ਼ਤ ਇਕ ਦੂਸਰੇ ਨੂੰ ਨੀਵਾਂ ਵਿਖਾਉਣ, ਗਿਲੇ ਸ਼ਿਕਵੇ ਪ੍ਰਗਟਾਉਣ, ਧਮਕੀਆਂ ਦੇਣ ਲਈ ਪਾਈਆਂ ਹੁੰਦੀਆਂ ਹਨ। ਦਸ-ਪੰਦਰਾਂ ਪ੍ਰਤੀਸ਼ਤ ਹੀ ਅਰਥ ਭਰਪੂਰ ਅਤੇ ਮਹੱਤਵਪੂਰਨ ਹੁੰਦੀਆਂ ਹਨ।

ਚਿੰਤਾ, ਗੁੱਸਾ, ਡਰ, ਤਣਾਅ, ਡਿਪਰੈਸ਼ਨ, ਬਦਲੇ ਦੀ ਭਾਵਨ, ਘਬਰਾਹਟ ਡਿਜ਼ੀਟਲ ਲਾਈਫ਼ ਕਾਰਨ ਹਨ। ਇਨ੍ਹਾਂ ਕਾਰਨ ਅੱਗੋਂ ਅਨੇਕਾਂ ਸਰੀਰਕ ਮਾਨਸਿਕ ਬਿਮਾਰੀਆਂ ਦੇ ਰਾਹ-ਰਸਤੇ ਤਿਆਰ ਹੁੰਦੇ ਹਨ। ਸਾਡਾ ਜੀਵਨ ਇੰਟਰਨੈਟ 'ਤੇ ਨਿਰਭਰ ਹੋ ਗਿਆ ਹੈ। ਡਿਜ਼ੀਟਲ ਲਾਈਫ਼ ਬਚਪਨ ਵਿਚ ਹੀ ਸ਼ਖ਼ਸੀਅਤ ਵਿਕਾਸ, ਯਾਦਸ਼ਕਤੀ, ਪੜ੍ਹਨ-ਲਿਖਣ ਯੋਗਤਾ, ਸੋਚਣ-ਸ਼ਕਤੀ ਅਤੇ ਇਕਾਗਰਤਾ ਨੂੰ ਪ੍ਰਭਾਵਤ ਕਰ ਰਹੀ ਹੈ। ਬੇਲੋੜੀ, ਫਾਲਤੂ ਦੀ ਜਾਣਕਾਰੀ ਸਿਰ ਵਿਚ ਭਰੀ ਜਾਂਦੇ ਹਾਂ। ਜਦੋਂ ਇੰਟਰਨੈਟ ਨਹੀਂ ਸੀ, ਜਦੋ ਫੇਸਬੁਕ ਟਵਿੱਟਰ ਨਹੀਂ ਸਨ, ਕੀ ਉਦੋਂ ਜੀਵਨ ਨਹੀਂ ਸੀ। ਕੀ ਸਾਡੇ ਵੱਡੇ ਵਡੇਰੇ ਸਾਡੇ ਨਾਲੋਂ ਚੰਗਾ, ਖੁਸ਼, ਸਹਿਜ, ਤੰਦਰੁਸਤ ਜੀਵਨ ਨਹੀਂ ਸੀ ਜਿਊਂਦੇ ? ਕੀ ਉਦੋਂ ਕਦੇ ਤਣਾਅ, ਡਿਪਰਸ਼ਨ ਬਾਰੇ ਕਿਸੇ ਨੇ ਸੁਣਿਆ ਸੀ ?

ਜਾਣਕਾਰੀ ਦੀ ਵੰਨਸੁਵੰਨਤਾ ਐਨੀ ਵੱਧ ਗਈ ਹੈ ਕਿ ਸਹੀ ਗਲਤ ਦਾ ਨਿਰਣਾ ਕਰਨਾ ਕਠਿਨ ਹੋ ਗਿਆ ਹੈ। ਗੂਗਲ, ਐਮਾਜ਼ੋਨ, ਮਾਈਕਰੋਸਾਫ਼ਟ ਅਤੇ ਫੇਸਬੁੱਕ 'ਤੇ 1200 ਪੇਟਾਬਾਈਟਸ ਬਣਦੀ ਹੈ। ਇਕ ਟੇਰਾਬਾਈਟ 1000 ਗੀਗਾਬਾਈਟਸ ਦੇ ਬਰਾਬਰ ਹੈ।

ਜਾਣਕਾਰੀ ਦੇ ਇਨ੍ਹਾਂ ਢੇਰਾਂ ਨਾਲ ਸਪਸ਼ਟਤਾ ਦੀ ਬਜਾਏ ਭਰਮ-ਭੁਲੇਖੇ ਵਧਦੇ ਹਨ। ਐਜ਼ਰਾ ਕਲੇਨ ਨੇ ਇਸਨੂੰ ਕਬਾੜ ਕਿਹਾ ਹੈ। ਨਿਯਮ-ਕਾਨੂੰਨ ਦੇ ਨਾਲ ਨਾਲ ਸਵੈ-ਜ਼ਾਬਤਾ ਵੀ ਹੈ। ਫਿਰ ਵੀ ਇਧਰੋਂ ਉਧਰੋਂ ਅਣਚਾਹੇ ਫੋਨ, ਮੈਸਜ, ਈ ਮੇਲ ਆਈ ਜਾ ਰਹੇ ਹਨ। ਉਨ੍ਹਾਂ ਨੂੰ ਵੇਖਣਾ ਪੜ੍ਹਨਾ ਤਾਂ ਵੱਖਰੀ ਗੱਲ, ਹਟਾਉਣ ਮਿਟਾਉ ਲਈ ਵੀ ਵਾਹਵਾ ਸਮਾਂ ਚਾਹੀਦਾ ਹੈ। ਉਹ ਸਮਾਂ ਕੋਈ ਕਿੱਥੋਂ ਲਿਆਵੇ ? ਐਜ਼ਰਾ ਕਲੇਨ ਲਈ ਇਹ ਕਬਾੜ ਵੱਡੀ ਪ੍ਰੇਸ਼ਾਨੀ ਬਣ ਗਿਆ ਹੈ। ਮੇਰੇ ਲਈ ਵੀ। ਮੇਰੇ ਈਮੇਲ, ਮੈਸਜ, ਵੱਟਸਐਪ ਭਰੇ ਪਏ ਹਨ। ਆਓ ਡਿਜ਼ੀਟਲ ਲਈਫ਼ ਨੂੰ ਬਾਗ਼-ਬਗੀਚੇ ਵਰਗੀ ਬਣਾਈਏ ਜਿੱਥੇ ਤਰੋਤਾਜ਼ਾ ਹੋਣ ਲਈ ਜਾਈਏ।




# SPRING INTO SAVINGS

** ਤੁਸੀਂ ਆਪਣੇ ਨਵੇਂ ਘਰ ਦੀ ਕੀਮਤ ਵਿੱਚ 15,000 ਡਾਲਰ ਤੱਕ ਦੀ ਬੱਚਤ ਕਰ ਸਕਦੇ ਹੋ

## ਈਵੈਂਟ ਹੁਣ ਚਾਲੂ ਹੈ







## VESTA ELEVATE COLLECTION

AT COOPER'S CROSSING

ELEVATE YOUR LIVING

VESTAELEVATE.COM















Introducing the Vesta Elevate Collection at Cooper's Crossing featuring an array of homes including 3-Storey Village Townhomes, 2-Storey Brimstone Townhomes, Bungalow Villas with master-on-main living options, and Luxury Urban Monarch Condos with premium amenities. Modern contemporary homes with luxurious interior finishes and unique exterior architecture offers a charming curb appeal in a prime sought-after neighborhood.

**Promotion applies to select homes. Contact our sales team for more details 587.674.3438

# ਕਾਗਜ਼ੀ ਵਿਚੋਲਪੁਣਾ

## ਲੜਕੀ ਦੀ ਲੋੜ

ਕਨੇਡਾ ਵਰਕ ਵੀਜੇ ਉੱਪਰ ਆਏ ਜੱਟ ਸਿੱਖ ਸਿੱਧੂ ਪਰਿਵਾਰ ਦੇ ਲੜਕੇ, ਉਮਰ 39 ਸਾਲ,ਪੜਾਈ ਲਿਖਾਈ ਪਲੱਸ ਟੂ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸੀ ਜਾਂ ਵਿਧਵਾ ਭਾਵੇਂ ਬੱਚੇ ਵਾਲੀ ਹੀ ਹੋਵੇ, ਉਹ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 667 1042 ***249***

## ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ,ਉਮਰ 27 ਸਾਲ,ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ: ਕੈਲਗਰੀ ਯੂਨੀਵਰਿਸਟੀ ਤੋਂ ਸੀ ਪੀ ਏ,ਐਮ ਬੀ ਏ, ਨਾਨ ਵੈਜੀਟੇਰੀਅਨ, ਨਾਨ ਸਮੋਕਰ, ਨਾਨ ਡਰਿੰਕਰ, ਸਪੋਰਟਸ ਪਰਸਨ ਲਈ ਕਨੇਡੀਅਨ ਬੌਰਨ ਹਾਣ ਪ੍ਰਵਾਣ ਦੀ ਲੰਮੇ ਕੱਦ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਪਰਿਵਾਰ 37 ਸਾਲ ਤੋਂ ਕਨੇਡਾ ਵਿਚ ਰਹਿ ਰਿਹਾ ਹੈ। ਲੜਕਾ ਇਸ ਵੇਲੇ ਕੈਲਗਰੀ ਵਿੱਚ ਹੀ ਚੰਗੀ ਤਨਖਾਹ ਵਾਲੀ ਜੌਬ ਕਰ ਰਿਹਾ ਹੈ। ਸੰਪਰਕ: 368 997 6735 ***247***

## ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉਪਰ ਆਏ,ਚੀਮਾ ਪਰਿਵਾਰ ਦੇ ਲੜਕੇ,ਉਮਰ 33 ਸਾਲ ਕੱਦ 5 ਫੁੱਟ 10 ਇੰਚ, ਕੰਪਿਊਟਰ ਸਾਫਟਵੇਅਰ ਅਤੇ ਏ ਸੀ ਮਕੈਨਿਕ ਡਿਪਲੋਮਾ ਹੋਲਡਰ , ਵੈਸ਼ਨੂੰ,ਨਾਨ ਡਰਿੰਕਰ ਲਈ ਕਨੇਡੀਅਨ ਪੀ ਆਰ,ਵਰਕ ਪਰਮਿਟ ਜਾਂ ਸਟੂਡੈਂਟ ਵੀਜ਼ਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 587 896 1625 ***247***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਲੜਕੀ, ਜਨਮ 1993, ਕੱਦ 5 ਫੁੱਟ 4 ਇੰਚ,ਐਲ ਪੀ ਐਨ (ਨਰਸ) ਦੀ ਐਡਮਿੰਟਨ ਵਿਖੇ ਜੌਬ ਕਰ ਰਹੀ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਸੈਟਲਡ ਹੈ। ਸੰਪਰਕ:+918544819749 ਜਾਂ 403 425 2525 ***245***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਟਿਵਾਣਾ ਦੇ ਕੈਲਗਰੀ ਸੈਟਲਡ,ਵੈਜੀਟੇਰੀਨ ਲੜਕੇ ਉਮਰ 30 ਸਾਲ,ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ: ਐਮ ਬੀ ਏ ਲਈ ਹਾਣ ਪ੍ਰਵਾਣ ਦੀ ਲੜਕੀ ਦੀ ਰਿਸ਼ਤੇ ਦੀ ਲੋੜ ਹੈ। ਸੰਪਰਕ: 1 825 733 9005 ***243***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਰਾਮਗੜੀਆ ਸਿੱਖ ਪਰਿਵਾਰ ਦੇ ਸਾਰਟ ਟਾਈਮ ਡਿਵੋਰਸ,ਲੜਕੇ ਉਮਰ 35 ਸਾਲ, ਕੱਦ 5 ਫੁੱਟ 7 ਇੰਚ, ਲਈ ਪੜੀ ਲਿਖੀ ਵੈਸ਼ਨੂੰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਜਟਿਰ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 780 655 9504 ਜਾਂ 639 329 2599 ***247***

## ਲੜਕੀ ਦੀ ਲੋੜ

ਕਨੇਡਾ ਵਿੱਚ ਰਹਿੰਦੇ ਔਲਖ (ਛੀਂਬਾ) ਪਰਿਵਾਰ ਦੇ ਲੜਕੇ ਉਮਰ 26 ਸਾਲ,ਕੱਦ 5 ਫੁੱਟ 7 ਇੰਚ,ਬਿਜਨਿਸ ਅਕਾਊਂਟਿੰਗ ਟੈਕਨੋਲੋਜੀ ਦੀ ਪੜ੍ਹਾਈ ਕਨੇਡਾ ਤੋਂ ਕੀਤੀ ਹੋਈ ਹੈ ਅਤੇ ਹੁਣ ਆਪਣਾ ਬਿਜਨਿਸ ਪਾਰਟਨਰਸ਼ਿਪ ਨਾਲ ਕਰ ਰਿਹਾ ਹੈ। ਉਸ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਪਿਤਾ ਡਾਕਟਰ ਹੈ। ਸੰਪਰਕ: 403 402 6001 ਜਾਂ 98724 21430 ***247***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਲੜਕੀ, ਜਨਮ ਦਸੰਬਰ 1993,ਕੱਦ 5 ਫੁੱਟ 6 ਇੰਚ, ਵਿਦਿਅਕ ਯੋਗਤਾ ਹੈਲਥ ਐਂਡ ਹਿਊਮਨ ਸਰਵਿਸ ਅਤੇ ਹੁਣ ਡਾਇਰੈਕਟ ਸੁਪੋਰਟ ਸਪੈਸਲਿਸਟ ਦੀ ਜੌਬ ਕਰ ਰਹੀ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਸੋਹਣਾ ਸੁਨੱਖਾ ਅਤੇ ਕੱਦ 5 ਫੁੱਟ 10 ਇੰਚ ਤੋਂ ਘੱਟ ਨਾ ਹੋਵੇ। ਲੜਕੀ ਦਾ ਸਾਰਾ ਪਰਿਵਾਰ ਕਨੇਡੀਅਨ ਪੀ ਆਰ ਹੈ। ਵਟਸਐਪ ਉੱਪਰ ਫੋਟੋ ਅਤੇ ਬਾਇਓਡਾਟਾ ਭੇਜੋ। ਸੰਪਰਕ: 587 583 0250 ਜਾਂ 403 700 6649 ***247***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਗਰੇਵਾਲ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ ਉਮਰ 26 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ : **Diploma** in applied Science Engineering **Job:** Signals and Communications Maintainer **( CPKC Railways)**
ਸੰਪਰਕ: 1780 600 6662 ਜਾਂ ਵਟਸਐਪ: 91 9592722719 ***247***

## ਜੀਵਨ ਸਾਥੀ ਦੀ ਲੋੜ

ਯੂ ਐਸ ਏ ਕੈਲੈਫੋਰਨੀਆਂ ਸਟੂਡੈਂਟ ਵੀਜਾ ਉੱਪਰ ਰਹਿੰਦੀ ਸੈਣੀ ਪਰਿਵਾਰ ਦੀ ਚੰਗੀ ਪੜੀ ਲਿਖੀ ਤਲਾਕਸ਼ੁਦਾ ਉਮਰ 47 ਸਾਲ, ਬੀ ਐਸ ਸੀ ,ਬੀ ਐੱਡ (ਮੈਡੀਕਲ) ਅਤੇ ਫਾਰਮੇਸੀ ਦੀ ਪੜ੍ਹਾਈ ਵਾਲੀ ਲੜਕੀ ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਜੀਵਨ ਸਾਥੀ ਦੀ ਲੋੜ ਹੈ। ਸੰਪਰਕ: 587 971 9302 ਜਾਂ ਈ ਮੇਲ: harkiratsaini29@gmail.com ***247***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੀ ਤਲਾਕਸੁਦਾ ਲੜਕੀ ਉਮਰ 32 ਸਾਲ,ਕੱਦ 5 ਫੁੱਟ 3 ਇੰਚ,ਸੁੰਦਰ ਪੜ੍ਹੀ ਲਿਖੀ,**(Innocently Divorced)** ਵਾਸਤੇ ਪੜ੍ਹੇ ਲਿਖੇ,ਨਸ਼ੇ ਤੋਂ ਰਹਿਤ,ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕੈਲਗਰੀ ਹੀ ਰਹਿ ਰਿਹਾ ਹੈ। ਦੁਆਬਾ ਖੇਤਰ ਨਾਲ ਸਬੰਧਿਤ ਪਰਿਵਾਰ ਹੋਵੇ ਤਾਂ ਪਹਿਲ ਦੇ ਆਧਾਰ ਉੱਪਰ ਵੀਚਾਰ ਕੀਤੀ ਜਾ ਸਕਦੀ ਹੈ। ਸੰਪਰਕ:403 247 8083 ਜਾਂ ਵਟਸਐਪ 403 998 8473 ***247***

## ਜੀਵਨ ਸਾਥੀ ਦੀ ਲੋੜ

ਜੱਟ ਸਿੱਖ ਪਰਿਵਾਰ ਨਾਲ ਸਬੰਧਿਤ ਕਨੇਡਾ ਵਿਜਟਿਰ ਵੀਜੇ ਉੱਪਰ ਆਈ ਵਿਧਵਾ, ਉਮਰ 41 ਸਾਲ ,ਕੱਦ 5 ਫੁੱਟ 4 ਇੰਚ,ਵਿਦਿਅਕ ਯੋਗਤਾ ਪਲੱਸ 2 ਲਈ ਹਾਣ ਪਰਵਾਣ ਦੀ ਉਮਰ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਜੀਵਨ ਸਾਥੀ ਦੀ ਲੋੜ ਹੈ। ਪਹਿਲੇ ਪਰਿਵਾਰ ਵਿੱਚੋਂ ਉਹ 18 ਸਾਲ ਦੀ ਬੇਟੀ ਦੀ ਮਾਂ ਹੈ । ਬੇਟੀ ਵੀ ਕਨੇਡਾ ਸਟੂਡੈਂਟ ਵੀਜੇ ਉੱਪਰ ਪੜ੍ਹਾਈ ਕਰ ਰਹੀ ਹੈ। ਸੰਪਰਕ: 403 605 5484 ਜਾਂ 403 604 0254 ***246***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਬਰਾੜ ਪਰਿਵਾਰ ਦੇ ਨਸ਼ਾ ਰਹਿਤ ਤਲਾਕਸ਼ੁਦਾ, ਵੈੱਲ ਸੈਟਲਡ,ਲੜਕੇ ਉਮਰ 40 ਸਾਲ, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਜ਼ਟਰ ਵੀਜੇ ਜਾਂ ਤਲਾਕਸ਼ੁਦਾ ਲੜਕੀ (ਬਿਨਾਂ ਬੱਚੇ ਤੋਂ) ਵੀ ਸੰਪਰਕ ਕਰ ਸਕਦੀ ਹੈ। ਸੰਪਰਕ : 403 970 7600 ***245***

## ਲੜਕੇ ਦੀ ਲੋੜ

ਸੈਣੀ ਸਿੱਖ ਪਰਿਵਾਰ ਦੀ ਵਰਕ ਪਰਮਿਟ ਉੱਪਰ ਆਈ ਲੜਕੀ,ਉਮਰ 35 ਸਾਲ, ਕੱਦ 5 ਫੁੱਟ 5 ਇੰਚ, ਵਿਦਿਅਕ **Xogqf MA,B.Ed and Cosmetology (Beautician )** ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ:1778 953 0024 ***245***

## ਲੜਕੀ ਦੀ ਲੋੜ

ਯੂ ਕੇ ਬੌਰਨ,ਕਨੇਡੀਅਨ ਪੀ ਆਰ, ਰਾਮਗੜ੍ਹੀਆ ਪਰਿਵਾਰ ਦੇ ਸਾਰਟ ਟਾਈਮ ਡਿਵੋਰਸੀ, ਉਮਰ 28 ਸਾਲ, ਕੱਦ 6 ਫੁੱਟ,ਵੈਜੇਟੇਰੀਅਨ, ਨਾਨ ਅਲਕੋਹਲ,ਨਾਨ ਸਮੋਕ,ਵਿੱਦਿਅਕ ਯੋਗਤਾ ਮਾਸਟਰ ਇਨ ਫਾਰਮੇਸੀ, ਹੁਣ ਬੀ ਸੀ ਵਿਖੇ ਫਾਰਮਾਸਿਸਟ ਦੀ ਜੌਬ ਕਰਦੇ ਲੜਕੇ ਲਈ ਕਨੇਡਾ ਸੈਟਲਡ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ। ਲੜਕੇ ਦੇ ਮਾਪਿਆਂ ਦਾ ਆਪਣਾ ਕਾਰੋਬਾਰ ਹੈ। ਲੜਕੇ ਦਾ ਵੱਡਾ ਭਰਾ ਮੈਰਿਡ ਅਤੇ ਯੂ ਕੇ ਹੀ ਸੈਟਲਡ ਹੈ। ਸੰਪਰਕ: 1 236 332 6769 ***245***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਕੈਲਗਰੀ ਰਹਿੰਦੇ ਵੈੱਲਸੈਟਲਡ, ਜੱਟ ਸਿੱਖ ਪਰਿਵਾਰ ਦੇ ਲੜਕੇ ਉਮਰ 32 ਸਾਲ, ਕੱਦ 5 ਫੁੱਟ 11 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਮਾਲਵਾ ਇਲਾਕੇ ਨੂੰ ਪਹਿਲ। ਵਰਕ ਪਰਮਿਟ ਹੋਲਡਰ ਲੜਕੀ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ : 587 574 0492 ਜਾਂ 587 433 7245 ***245***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਬਾਜਵਾ ਪਰਿਵਾਰ ਦੇ ਲੜਕੇ ਉਮਰ 31 ਸਾਲ,ਕੱਦ 5 ਫੁੱਟ 11 ਇੰਚ, **Qualification-** Electro technology engineering diploma level 6 from New Zealand, ਬਰਨਾਲਾ ਇਲਾਕੇ ਨਾਲ ਸਬੰਧਿਤ ਹੁਣ ਕੈਲਗਰੀ ਟਰੱਕ ਅਪਰੇਟਰ ਦੀ ਜੌਬ ਕਰਦੇ ਲਈ,ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 921 3475 ਜਾਂ 431 335 8706 ***245***

## ਲੜਕੇ ਦੀ ਲੋੜ

ਵਿਜਟਰ ਵੀਜੇ ਉੱਪਰ ਕਨੇਡਾ ਰਹਿੰਦੀ ਜੱਟ ਸਿੱਖ ਸੰਧੂ ਪਰਿਵਾਰ ਦੀ ਪੜੀ ਲਿਖੀ, ਖੂਬਸੂਰਤ ਲੜਕੀ ਜਨਮ 1990 ,ਕੱਦ 5 ਫੁੱਟ 7 ਇੰਚ ,ਵਿੱਦਿਅਕ ਯੋਗਤਾ: ਬੀ ਟੈੱਕ, ਐਮ ਟੈੱਕ , ਲਈ ਹਾਣ ਪ੍ਰਵਾਨ, ਪੜੇ ਲਿਖੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਲੜਕੀ ਦਾ ਪਰਿਵਾਰ ਵਿਨੀਪੈੱਗ, ਕਨੇਡਾ ਹੀ ਰਹਿ ਰਿਹਾ ਹੈ । ਸੰਪਰਕ: 1- 204 914 3200 ***244 ***

## ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 368 993 0037 ਜਾਂ 1 825 513 2797 ***244 ***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਰਾਮਗੜ੍ਹੀਆ ਸਿੱਖ ਪਰਿਵਾਰ ਦੇ ਤਲਾਕ ਸ਼ੁਦਾ (ਸਾਰਟ ਟਰਮ ਦੋ ਮਹੀਨੇ) ਉਮਰ 35 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ:ਬੀ ਸੀ ਏ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਵਿਜ਼ਟਰ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈਂਟਲ ਹੈ। ਮਾਲਵੇ ਨੂੰ ਪਹਿਲ। ਮੈਰਿਜ ਬਿਊਰੋ ਵਾਲੇ ਸੰਪਰਕ ਨਾ ਕਰਨ। ਸੰਪਰਕ :1 (780) 604-0209 ***244 ***

## ਲੜਕੀ ਦੀ ਲੋੜ

ਜੱਟ ਸਿੱਖ ਬੋਪਾਰਾਏ ਪਰਿਵਾਰ ਦੇ ਵਿਜ਼ਟਰ ਵੀਜ਼ਾ ਉੱਪਰ ਕਨੇਡਾ ਆਏ ਲੜਕੇ ਉਮਰ 31 ਸਾਲ ਕੱਦ 5 ਫੁੱਟ 7 ਇੰਚ,ਬੀ ਏ, ਐਲ ਐਲ ਬੀ, ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੁਧਿਆਣਾ ਜ਼ਿਲ੍ਹੇ ਨਾਲ ਸਬੰਧਿਤ ਲੜਕਾ ਆਪਣੀ ਕਨੇਡੀਅਨ ਪੀ ਆਰ ਭੈਣ ਕੋਲ ਰਹਿ ਰਿਹਾ ਹੈ। ਸੰਪਰਕ:+1 (587) 429-0278 ***244 ***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਸਿੱਧੂ ਪਰਿਵਾਰ ਦੇ ਪੱਗ ਬੰਨ੍ਹਦੇ, ਕਨੇਡਾ ਵਿੱਚ ਪੜੇ ਲਿਖੇ ਲੜਕੇ, ਉਮਰ 24 ਸਾਲ,ਕੱਦ 5 ਫੁੱਟ 9 ਇੰਚ, ਵਿੱਦਿਅਕ ਯੋਗਤਾ ਇਨਫੋਰਮੇਸ਼ਨ ਟੈਕਨਾਲੋਜੀ,ਸਪੈਸਲੈਜਿੰਗ ਇਨ ਸਾਇਬਰ ਸਕਿ-ਰਿਟੀ ਲਈ ਹਾਣ ਪਰਵਾਣ ਦੀ ਚੰਗੀ ਪੜੀ ਲਿਖੀ ਜੱਟ ਸਿੱਖ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ 403 971 5707 ਸ਼ਾਮ ਵੇਲੇ ਲਈ ਫੋਨ: 403 831 7787 ***243***

## ਲੜਕੇ ਦੀ ਲੋੜ

Jatt Sikh family seek a suitable match for their 5ft. 8inch / 30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

## ਲੜਕੇ ਦੀ ਲੋੜ

Jatt Sikh's parents seeking suitable match for their daughter Indian born, Canadian citizen, 37 years old, 5' 1" feet, B.Tech, working in a highly reputed Telecom company on a technical position. Boy should be well educated of decent values and belong to a good family. Cell no./ WhatsApp +1 587-434-0817 ***000***

## ਅੰਗਹੀਣ ਲੜਕੀ ਦੀ ਲੋੜ

ਕਨੇਡੀਅਨ ਬੌਰਨ,ਕੱਦ 5 ਫੁੱਟ 7 ਇੰਚ, 27 ਸਾਲਾ ਉਮਰ ਦੇ ਲੜਕੇ ਜਿਸ ਨੂੰ 6 ਸਾਲ ਦੀ ਉਮਰ ਤੋਂ ਬਾਦ ਸੁਣਨ ਦੀ ਸਮੱਸਿਆ ਆ ਗਈ ਸੀ ਪਰ ਉਹ ਪੰਜਾਬੀ ਅਤੇ ਇੰਗਲਿਸ਼ ਬੋਲੀ ਵਿੱਚ ਪਰਿਵਾਰਿਕ ਮੈਂਬਰਾਂ ਦੀ ਗੱਲ ਸਮਝਦਾ ਹੈ, ਲਈ ਸਰੀਰਕ ਤੌਰ ਤੇ ਅੰਗਹੀਣ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਰਾਈਵਿੰਗ ਲਾਇਸੈਂਸ ਹੈ। ਲੜਕਾ ਫੁੱਲ ਟਾਈਮ ਜੌਬ ਕਰਦਾ ਹੈ। ਸੰਪਰਕ: 403 971 0648 ***000***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******


## ਲੜਕੇ ਦੀ ਲੋੜ

ਜਿਲ੍ਹਾ ਫਤਿਹਗੜ੍ਹ ਸਾਹਿਬ ਨਾਲ ਸਬੰਧਤ ਜੱਟ ਸਿੱਖ ਭੰਗੂ ਪ੍ਰੀਵਾਰ ਦੀ ਲੜਕੀ, ਜਨਮ 1986, ਕੱਦ 5 ਫੁੱਟ 5 ਇੰਚ, ਵਿੱਦਿਅਕ ਯੋਗਤਾ ਬੀਏ, ਡਿਪਲੋਮਾ ਕੰਪਿਊਟਰ ਐਪਲੀਕੇਸ਼ਨ, ਪ੍ਰੋਗ੍ਰਾਮਿੰਗ, ਡਾਟਾ ਬੇਸ ਅਤੇ ਐਡਮਿਨਿਸਟ੍ਰੇਸ਼ਨ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਵਰ ਦੀ ਲੋੜ ਹੈ।। ਲੜਕੀ ਦੀ ਵੱਡੀ ਭੈਣ ਕੈਲਗਰੀ ਵਿਖੇ ਕੈਨੇਡੀਅਨ ਸਿਟੀਜ਼ਨ ਹੈ ਅਤੇ ਮਾਤਾ ਪਿਤਾ ਕੈਨੇਡੀਅਨ ਪੀ ਆਰ ਹਨ, ਸੰਪਰਕ :1 250 859 2829 ******


"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸ਼ਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।
ਕੈਲਗਰੀ-403 640 2000
ਐਡਮਿੰਟਨ-780 599 2000 ਸੈਸਕਾਟੂਨ 639 999 1000
ਰੀਜਾਇਨਾ- 639 999 1000, ਵਿਨੀਪੈੱਗ- 431 733 3000

ਮਿਹਨਤੀ ਵਰਕਰਾਂ ਨੂੰ ਅਸੀਂ ਇੰਡੀਆ ਤੋਂ ਵੀ ਵਰਕ ਪਰਮਿਟ ਉੱਪਰ ਬੁਲਾ ਸਕਦੇ ਹਾਂ
Bhinder Exterior have the following job positions available as listed below.
- Administrative Assistant
- Civil Engineer
- Business Development
- Stucco Plasterer
- Consultant, Advertising
- Roofer
- Construction Helper

If you have any questions regarding the information provided, please do not hesitate to contact @
+1 403 680 0436
or email at
bhinderexteriors13@gmail.com.




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

ਵਰਕਰਾਂ ਦੀ ਲੋੜ
Green City is hiring lawn care worker with the following qualifications:
- Class 5 Driving license
- Good English communication skills
- Minimum age 24 required
ਕਾਲ: (403) 606-4160

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ
ਜਿਵੇ ਆਪ ਸਭ ਨੂੰ ਪਤਾ ਹੈ ਕਿ ਆਪਾਂ ਸਿੱਖ ਸੋਸਾਇਟੀ ਆਫ ਸਸਕੈਚਵਨ ਗੁਰਦਵਾਰਾ ਸਾਹਿਬ ਲਈ ਨਵੀ ਜਮੀਨ ਖਰੀਦੀ ਹੈ ਸੋ ਬੇਨਤੀ ਹੈ ਕਿ ਸਾਰੀਆਂ ਟ੍ਰਾਂਸਪੋਰਟ ਕੰਪਨੀਜ਼ ਅਤੇ ਬਿਜ਼ਨਸ ਮੈਨ ਅਤੇ ਜਿੰਨੇ ਵੀ ਇਹਨਾਂ ਕੰਪਨੀਆਂ ਵਿਚ ਕੰਮ ਕਰਨ ਵਾਲੇ ਵਰਕਰ ਵੀਰ ਹਨ ਨਵੇਂ ਗੁਰਦਵਾਰਾ ਸਾਹਿਬ ਦੇ ਬਿਲਡਿੰਗ ਫੰਡ ਵਿਚ ਹਿੱਸਾ ਜਰੂਰ ਪਾਉਣ ਤਾਕਿ ਆਰੰਭ ਕੀਤੇ ਕਾਰਜ ਸਫਲ ਹੋ ਸਕਣ ਜੇ ਇਕ ਵੀਰ ਅਤੇ ਭੈਣ ਅਗਰ ਘਟ ਤੋਂ ਘਟ 100 £ ਵੀ ਸੇਵਾ ਕਰੇ ਤਾਂ ਇਹ ਕਾਰਜ ਗੁਰੂ ਕਿਰਪਾ ਸਦਕਾ ਸਫਲ ਹੋ ਸਕਦੇ ਹਨ! ਹਰ ਕੋਈ ਵੀਰ, ਭੈਣ ਇਹ ਪੋਸਟ ਨੂੰ ਵੱਧ ਤੋਂ ਵੱਧ share ਜਰੂਰ ਕਰੋ ਜੀ ਕਿਉਂਕਿ ਜੇ 4000 ਬੰਦਾ ਵੀ 100 £ ਸੇਵਾ ਕਰੇ ਤਾ ਸਾਡਾ ਜੋ ਗੁਰਦਵਾਰਾ ਸਾਹਿਬ ਦਾ ਟਾਰਗੇਟ ਹੈ down payment ਪੂਰੀ ਹੋ ਜਾਏਗੀ ਸੋ ਕਿਰਪਾ ਕਰਕੇ ਵੱਧ ਤੋਂ ਵੱਧ share kro ਜੀ ਬਿਲਡਿੰਗ ਫੰਡ ਲਈ ਇਸ ਈ-ਮੇਲ ਤੇ ਸੇਵਾ ਭੇਜ ਸਕਦੇ ਹੋ ਹੋਰ ਜਾਨ ਕਾਰੀ ਲੁਈ ਤੁਸੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਾਲ ਕੱਰ ਸੱਕਦੇ ਹੋ 3069797454 ਜਾ ਬਲਦੇਬ ਸਿੰਘ 3062416655 ਜਾਂ ਹਰਪ੍ਰੀਤ ਸਿੰਘ ਜੱਸਲ 306 261 7373.
sikhsocietysknewland@gmail.com


# ਨਵੀਂ ਸਰੀ ਪੁਲਿਸ ਸਰਵਿਸ ਵੱਜੋਂ ਆਰਸੀਐਮਪੀ ਨੂੰ -ਵਰਟੇਕ ਕਰਕੇ 29 ਨਵੰਬਰ 2024 ਤੋਂ ਆਪਣਾ ਕੰਮ ਕਾਜ ਪੂਰਨ ਤੌਰ ਤੇ ਸ਼ੁਰੂ ਕਰੇਗੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬ੍ਰਿਟਿਸ ਕਲੰਬੀਆ ਸਰਕਾਰ ਵੱਲੋਂ ਇੱਕ ਵਾਰੀ ਫਿਰ ਤੋਂ ਬੜੇ ਜ਼ੋਰ ਦੇ ਨਾਲ ਐਲਾਨ ਕੀਤਾ ਗਿਆ ਕਿ ਸਰੀ ਦੇ ਵਿੱਚ ਨਵੀਂ ਸਰੀ ਪੁਲਿਸ ਸਰਵਿਸ ਵੱਜੋਂ ਆਰਸੀਐਮਪੀ ਨੂੰ -ਵਰਟੇਕ ਕਰਕੇ ਨਵੰਬਰ 2024 ਤੋਂ ਆਪਣਾ ਕੰਮ ਕਾਜ ਪੂਰਨ ਤੌਰ ਤੇ ਸ਼ੁਰੂ ਕਰ ਦਿੱਤਾ ਜਾਵੇਗਾ। ਉਹਨਾਂ ਦੱਸਿਆ ਕਿ ਅਫੀਸ਼ੀਅਲੀ ਟੇਕ -ਵਰ 29 ਨਵੰਬਰ ਨੂੰ ਕੀਤਾ ਜਾਵੇਗਾ। ਪਬਲਿਕ ਸੇਫਟੀ ਮਨਿਸਟਰ ਅਤੇ ਸਲਿਸਟਰ ਜਨਰਲ ਮਾਈਕ ਫਾਰਮ ਹਾਊਥ ਨੇ ਤਰੀਕ ਕਨਫਰਮ ਕਰਦਿਆਂ ਦੱਸਿਆ ਕਿ ਉਹ ਹੁਣ ਲੰਬੇ ਸਮੇਂ ਤੋਂ ਆਪਣਾ ਕੀਤਾ ਹੋਇਆ ਵਾਅਦਾ ਪੂਰਾ ਕਰ ਰਹੇ ਹਨ। ਜਿਹੜੀ ਤਰੀਕ ਅਸੀਂ ਜਨਤਕ ਕਰ ਰਹੇ ਹਾਂ ਇਸ ਤਰੀਕ ਨੂੰ ਪਬਲਿਕ ਸੇਫਟੀ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ ਤੇ ਨਾਲ ਹੀ ਇਸ ਕੰਪਲੀਸ਼ਨ ਦੀ ਪ੍ਰੋਗਰੈਸ ਡੇਟ ਨੂੰ ਦੇਖਦੇ ਹਾਂ ਤੇ ਨਾਲ ਹੀ ਪੂਰਾ ਕੰਮ ਕਾਜ ਜਿਹੜਾ ਕਿ ਅਜੇ ਵੀ ਹੋਣਾ ਬਾਕੀ ਹੈ, ਟ੍ਰਾਂਜਿਸ਼ਨ ਨੂੰ ਦੇਖਣ ਵਾਸਤੇ ਉਹ ਸਾਰੇ ਕੁੱਝ ਨੂੰ ਫਾਈਨਲਾਈਜ ਕਰਨ ਤੋਂ ਬਾਅਦ ਹੀ ਤਾਰੀਖ ਤੈਅ ਕੀਤੀ ਗਈ ਹੈ। ਉਹਨਾਂ ਵੱਲੋਂ ਕੀਤੀ ਜਾ ਰਹੀ ਅਨਾਉਂਸਮੈਂਟ ਮੌਕੇ ਸਰੀ ਪੁਲਿਸ ਸਰਵਿਸ ਅਤੇ ਬੀਸੀ ਆਰਸੀਐਮਪੀ ਦੇ ਕਮਾਂਡਿੰਗ ਆਫਿਸਰ ਉਹਨਾਂ ਦੇ ਨਾਲ ਮੌਜੂਦ ਸਨ । ਉਹਨਾਂ ਹੋਰ ਜਾਣਕਾਰੀਆਂ ਦਿੰਦਿਆਂ ਦੱਸਿਆ ਕਿ ਬੀਸੀ ਆਰਸੀਐਮ ਵੀ ਆਪਣੇ ਸਰੀ ਦੇ ਵਿੱਚ ਆਪਰੇਸ਼ਨ ਨੂੰ ਜਾਰੀ ਰੱਖੇਗੀ ਜਿਸ ਦੇ ਨਾਲ ਉਹ ਟੈਂਪਰੇਰੀ ਸਪੋਰਟ ਸਰੀ ਪੁਲਿਸ ਸਰਵਿਸ ਨੂੰ ਪ੍ਰੋਵਾਈਡ ਕਰਦੀ ਰਹੇਗੀ ਜਦੋਂ ਤੱਕ ਇਹ ਟ੍ਰਾਂਜਿਸ਼ਨ ਪੂਰਨ ਤੌਰ ਤੇ ਕੰਪਲੀਟ ਨਹੀਂ ਹੋ ਜਾਂਦੀ। ਫੈਡਰਲ ਅਤੇ ਪ੍ਰੋਵਿਨਸ਼ਅਲ ਗੌਰਮੈਂਟ ਦੋਵਾਂ ਨੇ ਹੀ ਇਹਦੇ ਉੱਤੇ ਕੰਮ ਕਰਕੇ ਇਹ ਸਾਰੇ ਇੱਕ ਰਸਤੇ ਨੂੰ ਲੱਭਿਆ ਹੈ ਜਿਹਦੇ ਨਾਲ ਸਰੀ ਪੁਲਿਸ ਸਰਵਿਸ ਨੂੰ ਆਰਸੀਐਮਪੀ ਵੱਲੋਂ ਇਹ ਟਰਾਂਜਿਸ਼ਨ ਸਪੋਰਟ ਦਿੱਤੀ ਜਾਵੇਗੀ। ਪਰ ਸਰੀ ਦੀ ਮੇਅਰ ਬਰਾਂਡਾ ਵੱਲੋਂ ਲਗਾਤਾਰ ਬੀਸੀ ਸਰਕਾਰ ਦੇ ਇਸ ਫੈਸਲੇ ਦਾ ਵਿਰੋਧ ਕੀਤਾ ਜਾ ਰਿਹਾ ਹੈ ਅਤੇ ਇਸ ਮਸਲੇ ਨੂੰ ਕੋਰਟ ਵਿੱਚ ਵੀ ਲੈ ਕੇ ਗਏ ਹਨ। ਹੁਣ ਦੇਖਣਾ ਹੋਵੇਗਾ ਸਿਟੀ ਆਫ ਸਰੀ ਕੇਸ ਬਾਬਤ ਕੀ ਕਰਦੀ ਹੈ।

# ਸ਼ਰਨਾਰਥੀਆਂ ਨੂੰ ਰਵਾਂਡਾ ਭੇਜਣ ਲਈ ਬ੍ਰਿਟਿਸ ਸਰਕਾਰ ਨੇ ਵਿਸ਼ੇਸ਼ ਮੁਹਿੰਮ ਸੁਰੂ ਕੀਤੀ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਬ੍ਰਿਟਿਸ਼ ਸੰਸਦ ਵੱਲੋਂ ਸ਼ਰਨਾਰਥੀ ਦਾਅਵੇਦਾਰਾਂ ਨੂੰ ਰਵਾਂਡਾ ਭੇਜਣ ਦਾ ਵਿਵਾਦਿਤ ਬਿੱਲ ਪਾਸ ਕਰ ਦਿੱਤਾ ਗਿਆ ਹੈ। ਬਰਤਾਨੀਆ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਵਾਅਦਾ ਕੀਤਾ ਕਿ 10 ਤੋਂ 12 ਹਫਤਿਆਂ ਦੇ ਅੰਦਰ ਡੈਪੂਟੇਸ਼ਨ ਫਲਾਈਟਾਂ ਸ਼ੁਰੂ ਹੋ ਜਾਣਗੀਆਂ। ਸੁਨਕ ਨੇ ਕਿਹਾ ਕਿ ਸਰਕਾਰ ਨੇ ਪ੍ਰਵਾਸੀਆਂ ਨੂੰ ਰਵਾਂਡਾ ਲਿਜਾਣ ਲਈ ਕਮਰਸ਼ੀਅਲ ਚਾਰਟਰ ਜਹਾਜ਼ਾਂ ਅਤੇ ਸਿਖਲਾਈ ਪ੍ਰਾਪਤ ਸਟਾਫ ਨੂੰ ਬੁੱਕ ਕੀਤਾ ਹੈ। ਉਹਨਾਂ ਨੂੰ ਉਮੀਦ ਹੈ ਕਿ ਇਹ ਨੀਤੀ ਇਸ ਸਾਲ ਦੇ ਅੰਤ ਵਿੱਚ ਹੋਣ ਵਾਲੀਆਂ ਚੋਣਾਂ ਤੋਂ ਪਹਿਲਾਂ ਦੀ ਉਹਨਾਂ ਦੀ ਕੰਜਰਵੇਟਿਵ ਪਾਰਟੀ ਦੀ ਕਿਸਮਤ ਨੂੰ ਹੋਰ ਚਮਕਾਵੇਗੀ। ਹਾਊਸ ਆਫ ਲਾਰਡਸ ਨੇ ਉਪਰਲੇ ਸਦਨ ਵਿੱਚ ਵਾਧੂ ਸੁਰੱਖਿਆ ਤੋਂ ਬਗੈਰ ਇਸ ਵਿਵਾਦਤ ਕਾਨੂੰਨ ਦਾ ਸਮਰਥਨ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਪਰ ਸੁਨਕ ਦੇ ਇਹ ਕਹਿਣ ਤੋਂ ਬਾਅਦ ਕਿ ਸਰਕਾਰ ਇਸ ਬਿੱਲ ਨੂੰ ਪਾਸ ਕਰਵਾਉਣ ਲਈ ਦੇਰ ਰਾਤ ਤੱਕ ਸੰਸਦ ਕਾਰਵਾਈ ਚਲਾਉਣ ਲਈ ਮਜਬੂਰ ਰਹੇਗੀ ਤਾਂ ਹਾਊਸ ਨੇ ਆਪਣਾ ਰੁੱਖ ਬਦਲ ਦਿੱਤਾ। ਸੋ ਰਿਸ਼ੀ ਸੁਨਕ ਵੱਲੋਂ ਇੱਕ ਨਿਊਜ਼ ਕਾਨਫਰਮ ਵਿੱਚ ਇਹ ਵੀ ਕਿਹਾ ਗਿਆ ਸੀ ਕਿ ਕੋਈ ਕਿੰਤੂ ਪ੍ਰੰਤੂ ਨਹੀਂ ਇਹ ਫਲਾਈਟਾਂ ਰਵਾਂਡਾ ਚੱਲੀਆਂ ਹਨ। ਹਜ਼ਾਰਾਂ ਪ੍ਰਵਾਸੀ ਅਫਰੀਕਾ ਮੱਧ ਪੂਰਬ ਅਤੇ ਏਸ਼ੀਆ ਵਿੱਚ ਗਰੀਬੀ ਅਤੇ ਜੰਗਾਂ ਤੋਂ ਹਿਜਰਤ ਕਰਕੇ ਹਾਲ ਹੀ ਦੇ ਸਾਲਾਂ ਵਿੱਚ ਤਸਕਰਾਂ ਦਾ ਸਹਾਰਾ ਲੈ ਕੇ ਛੋਟੀਆਂ ਕਿਸ਼ਤੀਆਂ ਵਿੱਚ ਖਤਰਨਾਕ ਯਾਤਰਾਵਾਂ ਕਰਦੇ ਇੰਗਲਿਸ਼ ਚੈਨਲ ਨੂੰ ਪਾਸ ਕਰਕੇ ਲੋਕ ਬ੍ਰਿਟੇਨ ਪਹੁੰਚੇ ਹਨ। ਬ੍ਰਿਟਿਸ਼ ਹੋਮ ਆਫਿਸ ਦੇ ਅਨੁਸਾਰ ਯੂਕੇ ਇੱਕ ਜਨਵਰੀ ਤੋਂ 24 ਅਪ੍ਰੈਲ ਦੇ ਵਿੱਚਕਾਰ ਘੱਟੋ ਘੱਟ 6265 ਛੋਟੀਆਂ ਕਿਸ਼ਤੀਆਂ ਪਾਰ ਹੋਈਆਂ ਦਰਜ ਕੀਤੀਆਂ ਗਈਆਂ ਹਨ। ਪ੍ਰਵਾਸੀਆਂ ਦੇ ਵਹਾਅ ਨੂੰ ਰੋਕਣਾ ਸਰਕਾਰ ਦੀ ਤਰਜੀਹ ਹੈ ਪਰ ਆਲੋਚਕਾਂ ਦਾ ਕਹਿਣਾ ਹੈ ਕਿ ਸ਼ਰਨ ਮੰਗਣ ਵਾਲਿਆਂ ਨੂੰ ਸੰਭਾਲਣ ਦੀ ਬਜਾਏ ਰਵਾਂਡਾ ਡਿਪੋਰਟ ਕਰਨ ਦੀ ਯੋਜਨਾ ਗੈਰ ਮਨੁੱਖੀ ਹੈ ।

# ਜੰਗਲੀ ਅੱਗਾਂ ਦਾ ਖਤਰਾ ਹੋਣ ਕਾਰਣ ਹੁਣੇ ਹੀ ਪਾਬੰਦੀਆਂ ਲੱਗ ਗਈਆਂ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਵੱਲੋਂ ਜੰਗਲੀ ਅੱਗਾਂ ਦੇ ਮੱਦੇ ਨਜ਼ਰ ਕੁੱਝ ਪਾਬੰਦੀਆਂ ਦਾ ਐਲਾਨ ਕੀਤਾ ਗਿਆ



ਹੈ। ਐਮਰਜੈਂਸੀ ਅਧਿਕਾਰੀ ਆਉਣ ਵਾਲੇ ਹਫਤਿਆਂ ਵਿੱਚ ਬਹੁਤ ਜਿਆਦਾ ਸਾਵਧਾਨੀ ਵਰਤਣ ਦੀ ਅਪੀਲ ਕਰ ਰਹੇ ਹਨ। ਸੂਬੇ ਵੱਲੋਂ ਜੰਗਲੀ ਖੇਤਰ ਵਿੱਚ ਅੱਗ ਬਾਲਣ ਉਪਰ ਪਾਬੰਦੀ ਲਗਾਈ ਗਈ ਹੈ। ਕੈਲਗਰੀ ਦੇ ਜੰਗਲ ਸੁਰੱਖਿਆ ਜੋਨ ਨੂੰ ਛੱਡ ਕੇ ਕੈਂਪਿੰਗ ਖੇਤਰਾਂ ਸਮੇਤ ਜਨਤਕ ਜਮੀਨਾਂ ਤੇ ਹੁਣ ਬਾਹਰੀ ਅੱਗਾਂ ਦੀ ਮਨਾਹੀ ਕੀਤੀ ਹੋਈ ਹੈ। ਦੱਸਣ ਯੋਗ ਹੈ ਕਿ ਅਲਬਰਟਾ ਵਿੱਚ ਸਰਦੀਆਂ ਦੇ ਮੌਸਮ ਵਿੱਚ ਘੱਟ ਬਰਫਬਾਰੀ ਜਾਂ ਬਰਫ ਦੀ ਮੋਟੀ ਪਰਤ ਨਾ ਹੋਣ ਕਾਰਨ ਜਮੀਨ ਵਿੱਚ ਨਵੀ ਦੀ ਘਾਟ ਹੈ ਅਤੇ ਸੋਕੇ ਵਾਲੀ ਸਥਿਤੀ ਵਧੇਰੇ ਹੈ। ਹੁਣ ਤੱਕ ਸੂਬੇ ਭਰ ਵਿੱਚ 50 ਜੰਗਲੀ ਅੱਗਾਂ ਲੱਗੀਆਂ ਲਈਆਂ ਹਨ ਇਹਨਾਂ ਵਿੱਚੋਂ ਚਾਰ ਦੇ ਕੰਟਰੋਲ ਸੀਮਾਵਾਂ ਤੋਂ ਵਧਣ ਦੀ ਉਮੀਦ ਹੈ ਅਤੇ 46 ਨੂੰ ਹੁਣ ਕੰਟਰੋਲ ਹੋਣ ਯੋਗ ਵਜੋਂ ਸ਼੍ਰੇਣੀ ਵੱਧ ਕੀਤਾ ਗਿਆ ਹੈ। ਜੰਗਲੀ ਅੱਗ ਦੇ ਕਾਰਨ ਕੁੱਝ ਲੋਕਾਂ ਨੂੰ ਸਥਾਈ ਤੌਰ ਤੇ ਘਰ ਖਾਲੀ ਕਰਨੇ ਪਏ ਹਨ ਅਤੇ ਸੈਂਕੜੇ ਲੋਕਾਂ ਨੂੰ ਇੱਕ ਪਲ ਦੇ ਨੋਟਿਸ ਤੇ ਆਪਣੇ ਘਰ ਛੱਡਣ ਲਈ ਨੋਟਿਸ ਦਿੱਤਾ ਗਿਆ ਹੈ। ਅਲਬਰਟਾ ਵਾਈਲਡ ਫਾਇਰ ਦੇ ਬੁਲਾਰੇ ਨੇ ਦੱਸਿਆ ਕਿ ਜੰਗਲੀ ਅੱਗ ਦਾ ਸੀਜ਼ਨ ਜਲਦੀ ਸ਼ੁਰੂ ਹੋਇਆ ਹੈ ਅਤੇ ਇਸ ਦੇ ਤੇਜ਼ੀ ਨਾਲ ਵਧਣ ਦਾ ਖਤਰਾ ਹੈ।

# ਹੌਂਡਾ ਮੋਟਰਜ ਵੱਲੋਂ ਕਨੇਡਾ ਦੇ ਉਨਟਾਰੀਓ ਸੂਬੇ ਵਿੱਚ ਵੱਡਾ ਨਿਵੇਸ਼ ਕਰਨ ਦਾ ਐਲਾਨ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਹੌਂਡਾ ਮੋਟਰਜ ਕਾਰਪੋਰੇਸ਼ਨ ਵੱਲੋਂ ਕੀਤੇ ਗਏ ਐਲਾਨ ਅਨੁਸਾਰ ਕੰਪਨੀ ਵੱਲੋਂ ਐਲਿਸਟਨ ਓਨਟਾਰੀਓ ਕਨੇਡਾ ਵਿੱਚ 15 ਬਿਲੀਅਨ ਡਾਲਰ ਦੀ ਇਨਵੈਸਟਮੈਂਟ ਨਾਲ ਚਾਰ ਇਲੈਕਟਰੀਕਲ ਵਹੀਕਲ ਬਣਾਉਣ ਵਾਲੇ ਪਲਾਂਟ ਲਗਾਏ ਜਾ ਰਹੇ ਹਨ। ਇਹ ਐਲਾਨ ਐਲਿਸਟਨ ਵਿੱਚ ਕੈਨੇਡਾ ਦੇ ਪ੍ਰਾਇਮ ਮਨਿਸਟਰ ਜਸਟਿਨ ਟਰੂਡੋ ਵੱਲੋਂ ਬੋਲਦਿਆਂ ਕੀਤੀ ਗਈ। ਇਸ ਮੌਕੇ ਓਨਟਾਰੀਓ ਸੂਬੇ ਦੇ ਪ੍ਰੀਮੀਅਰ ਡੱਗ ਫੋਰਡ ਵੀ ਹਾਜਰ ਸਨ । ਇਹਨਾਂ ਚਾਰ ਵਿੱਚੋਂ ਇੱਕ ਪਲਾਂਟ 2028 ਤੱਕ ਮੁਕੰਮਲ ਕੰਮ ਕਰਨ ਲੱਗ ਜਾਵੇਗਾ ਜੋ ਕਈ 215 ਲੱਖ ਸਲਾਨਾਂ ਕਾਰਾਂ ਦੀ ਪ੍ਰੋਡਕਸ਼ਨ ਕਰੇਗਾ । ਇਸ ਇਨਵੈਸਟਮੈਂਟ ਨਾਲ 1000 ਤੋਂ ਵੱਧ ਸਿੱਧੀਆਂ ਤੇ 25000 ਤੋਂ ਵੱਧ ਅਸਿੱਧੀਆਂ ਨੌਕਰੀਆਂ ਪੈਦਾ ਹੋਣਗੀਆਂ ਜਿਸ ਨਾਲ ਇਲਾਕੇ ਵਿੱਚ ਰੀਅਲ ਇਸਟੇਟ, ਟਰਾਂਸਪੋਰਟ ਆਦਿ ਨੂੰ ਹੁੰਗਾਰਾ ਮਿਲੇਗਾ ।

# ਕੈਲਗਰੀ 'ਚ ਪੰਜਾਬਣ ਮੁਟਿਆਰ ਦੀ ਲਾਸ਼ ਮਿਲੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਸੂਬੇ ਅਲਬਰਟਾ 'ਚ ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਇਲਾਕੇ ਕੈਲਗਰੀ ਵਿਖੇ ਨੌਜਵਾਨ ਪੰਜਾਬਣ ਮੁਟਿਆਰ ਦੀ ਸ਼ੱਕੀ ਹਾਲਾਤ ਵਿੱਚ ਲਾਸ਼ ਬਰਾਮਦ ਹੋਈ ਹੈ,ਜਿਸਦੀ ਪਛਾਣ ਮਨਪ੍ਰੀਤ ਕੌਰ ਉਮਰ 25 ਸਾਲ ਵੱਜੋਂ ਹੋਈ ਹੈ। ਪੁਲਿਸ ਦਾ ਮੰਨਣਾ ਹੈ ਕਿ ਮ੍ਰਿਤਕਾ ਦਾ ਸ਼ੱਕੀ ਹਾਲਾਤ ਵਿੱਚ ਕਤਲ ਕੀਤਾ ਗਿਆ ਹੈ। ਇਸ ਮਾਮਲੇ ਵਿੱਚ ਸ਼ੱਕ ਦੇ ਆਧਾਰ ਤੇ ਪੁਲਿਸ ਵੱਲੋਂ ਹਿਰਾਸਤ ਵਿੱਚ ਲਏ ਵਿਅਕਤੀ ਤੋਂ ਪੁੱਛਗਿੱਛ ਕਰਨ ਉਪਰੰਤ ਉਸ ਨੂੰ ਛੱਡ ਦਿੱਤਾ ਗਿਆ ਹੈ। ਮੁੱਖ ਮੈਡੀਕਲ ਅਫਸਰ ਨੇ ਦੱਸਿਆ ਹੈ ਕਿ ਪੋਸਟਮਾਰਟਮ ਹੋਣ ਉਪਰੰਤ ਹੀ ਮ੍ਰਿਤਕਾ ਦੀ ਪਛਾਣ ਹੋਈ ਹੈ। ਇਹ ਘਟਨਾ ਰੈਂਡਸਟੋਨ ਕਾਮਨ ਬਲਾਕ 100 ਵਿੱਚ ਵਾਪਰੀ ਦੱਸੀ ਜਾ ਰਹੀ ਹੈ। ਪੁਲਿਸ ਦਾ ਕਹਿਣਾ ਹੈ ਕਿ ਘਟਨਾ ਸਥਾਨ ਵਾਲੀ ਜਗ੍ਹਾ 'ਤੇ ਮਨਪ੍ਰੀਤ ਕੌਰ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ ਗਿਆ ਸੀ। ਕੈਲਗਰੀ ਪੁਲਿਸ ਦਾ ਕਹਿਣਾ ਹੈ ਕਿ ਇਹ ਕੈਲਗਰੀ ਵਿੱਚ 2024 ਦੀ ਇਹ ਸੱਤਵੀਂ ਕਤਲ ਦੀ ਵਾਰਦਾਤ ਹੈ

# ਸਕੂਲਾਂ ਵਿੱਚ ਸੈੱਲਫੋਨ ਅਤੇ ਵੇਪਿੰਗ ਵਾਲੇ ਪਦਾਰਥਾਂ ਉੱਪਰ ਪਾਬੰਦੀ ਲੱਗੇਗੀ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) -ਨਟਾਰੀ- ਸਰਕਾਰ ਵੱਲੋਂ ਸਕੂਲਾਂ ਵਿੱਚ ਵਿਦਿਆਰਥੀਆਂ ਉੱਤੇ ਸਕੂਲ ਸਮੇਂ ਮੋਬਾਈਲ ਫੋਨ ਵਰਤਣ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ, ਜੋ 3 ਸਤੰਬਰ ਤੋਂ ਸ਼ੁਰੂ ਹੋਣ ਵਾਲੇ ਵਿਦਿਅਕ ਸੈਸ਼ਨ ਤੋਂ ਲਾਗੂ ਹੋਵੇਗੀ। ਸਿੱਖਿਆ ਮੰਤਰੀ ਸਟੀਫਨ ਲੈਚੇ ਨੇ ਇਹ ਐਲਾਨ ਕਰਦਿਆਂ ਕਿਹਾ ਕਿ ਐਲੀਮੈਂਟਰੀ ਸਕੂਲਾਂ ਵਿੱਚ ਸਾਰਾ ਦਿਨ ਅਤੇ ਮਿਡਲ ਤੇ ਹਾਈ ਸਕੂਲਾਂ ਵਿੱਚ ਪੜ੍ਹਾਈ ਦੇ ਸਮੇਂ ਦੌਰਾਨ ਕੋਈ ਵਿਦਿਆਰਥੀ ਨਾ ਤਾਂ ਫੋਨ ਨੂੰ ਹੱਥ ਵਿੱਚ ਲੈ ਸਕੇਗਾ ਤੇ ਨਾ ਹੀ ਸੂਟਾ ਲਗਾਉਣ ਵਾਲੇ ਜਾਂ ਵੇਪਿੰਗ ਵਾਲੇ ਕਿਸੇ ਪਦਾਰਥ ਦੀ ਵਰਤੋਂ ਕਰ ਸਕੇਗਾ। ਉਨ੍ਹਾਂ ਦੱਸਿਆ ਕਿ ਪੜ੍ਹਾਈ ਸਮੇਂ ਬੱਚਿਆਂ ਦਾ ਧਿਆਨ ਫੋਨ ਵੱਲ ਰਹਿਣ ਦੀਆਂ ਸ਼ਿਕਾਇਤਾਂ ਦੇ ਮੱਦੇਨਜ਼ਰ ਅਤੇ ਸਕੂਲ ਟਰੱਸਟੀਆਂ ਦੇ ਸੁਝਾਵਾਂ ਉੱਤੇ ਗੌਰ ਕਰਕੇ ਇਹ ਫੈਸਲਾ ਲਿਆ ਗਿਆ ਹੈ। ਮੰਤਰੀ ਨੇ ਕਿਹਾ ਕਿ ਐਲੀਮੈਂਟਰੀ ਸਕੂਲਾਂ ਦੇ ਵਿਦਿਆਰਥੀ ਫੋਨ ਸਕੂਲ ਦੇ ਅੰਦਰ ਨਹੀਂ ਲਿਜਾ ਸਕਣਗੇ, ਪਰ ਮਿਡਲ ਅਤੇ ਹਾਈ ਸਕੂਲਾਂ ਵਿੱਚ ਪਾਬੰਦੀ ਨੂੰ ਥੋੜ੍ਹਾ ਨਰਮ ਕਰਕੇ ਪੜ੍ਹਾਈ ਸਮੇਂ ਤੱਕ ਸੀਮਤ ਕੀਤਾ ਗਿਆ ਹੈ।




# ਲੰਮਾਂ ਲੰਮਾਂ ਬਾਜਰੇ ਦਾ ਸਿੱਟਾ

*ਕੱਚੀ ਟੁੱਟ ਗਈ ਜਿਹਨਾਂ ਦੀ ਯਾਰੀ, ਪੱਤਣਾਂ ਤੇ ਰੋਣ ਖੜ੍ਹੀਆਂ*
*ਜਿਹਨਾਂ ਪਿਆਰ ਕੀਤਾ ਇਕ ਵਾਰੀ, ਪੱਤਣਾਂ ਤੇ ਰੋਣ ਖੜ੍ਹੀਆਂ..*

ਯਾਰੀਆਂ ਟੁੱਟਣ, ਦਿਲਾਂ 'ਚ ਤਰੇੜ ਆਵੇ, ਜੂਹਾਂ-ਖੇੜੇ ਓਪਰੇ ਅਤੇ ਉਦਾਸੇ ਹੋ ਜਾਣ, ਉੱਫਣੇ ਦਿਲ ਵਿੱਚ ਹੌਲ ਪੈਣ ਤਾਂ ਆਸ਼ਿਕਾਂ ਦਾ ਹਾਲ ਬਿਆਨਣ, ਓਹਨਾਂ ਦਾ ਦੁੱਖ ਵੰਡਾਉਣ ਜੋਗੀ ਪਹਾੜੋਂ ਉੱਤਰਦੇ ਹੀ ਰਹੇ ਹਨ। ਕਿਸੇ ਨਾ ਕਿਸੇ ਰੂਪ ਵਿੱਚ ਹਰ ਭਾਵ ਨੇ ਬਿਆਨ ਹੋਣਾ ਹੁੰਦਾ ਹੈ। ਸਾਡਾ ਇਹ ਜੋਗੀ ਸੱਚ ਕਹਿੰਦਾ ਹੈ:

*ਇੱਕ ਭੈੜੀ ਜਿੰਦ ਤੇ ਦੁੱਖ ਲੱਖ ਲੱਖ ਨੀਂ*
*ਦਿਨੇਂ ਰੋਂਦਾ ਦਿਲ ਤੇ ਰਾਤੀਂ ਰੋਂਦੀ ਅੱਖ ਨੀਂ*
*ਅੱਖ ਵਿੱਚ ਹੰਝੂ ਮਾਰਨ ਤਾਰੀ, ਕੱਚੀ ਟੁੱਟ ਗਈ..*
*ਪਿਆਰ ਮਿਲੇ ਥੋੜ੍ਹਾ, ਵਿਛੋੜਾ ਮਿਲੇ ਨਿੱਤ ਦਾ*
*ਹਾਰ ਮਿਲੇ ਪਹਿਲਾਂ ਤੇ ਪਤਾ ਨਹੀਓਂ ਜਿੱਤ ਦਾ*
*ਜਿੱਤ ਜਿੱਤ ਕੇ ਵੀ ਬਾਜੀ ਹਾਰੀ, ਕੱਚੀ ਟੁੱਟ ਗਈ..*
*ਗੁੱਡੀ ਵਾਂਗੂੰ ਲੁੱਟੀ, ਪ੍ਰਾਹੁਣੇ ਵਾਂਗੂੰ ਤੁਰ ਗਈ*
*ਤੰਦ ਵਾਂਗੂ ਟੁੱਟੀ ਤੇ ਬੇੜੀ ਵਾਂਗੂੰ ਰੁੜ੍ਹ ਗਈ*
*ਰੁੜ੍ਹ ਜਾਂਦੀ ਏ ਉਮਰਾ ਸਾਰੀ, ਕੱਚੀ ਟੁੱਟ ਗਈ..*
*ਬੁੱਲ੍ਹ ਸੀ ਲੈਂਦੇ ਤੇ ਚੁੱਪ ਚੁੱਪ ਬਹਿੰਦੇ ਨੇ*
*ਬੜੇ ਦੁੱਖ ਸਹਿੰਦੇ ਤੇ ਇਹੋ ਗੱਲ ਕਹਿੰਦੇ ਨੇ*
*ਕਹਿੰਦੇ ਯਾਰ ਮਿਲੇ ਇਕ ਵਾਰੀ, ਕੱਚੀ ਟੁੱਟ ਗਈ ..*

ਪਿਛਲੇ ਛੇ ਦਹਾਕਿਆਂ ਤੋਂ ਇਹ ਗੀਤ ਪੰਜਾਬੀਆਂ ਦੇ ਦਿਲਾਂ 'ਚ ਧੜਕਦਾ ਹੈ। ਪੁਰਾਣੇ ਸ੍ਰੋਤੇ ਤਾਂ ਜਾਣਦੇ ਹਨ ਕਿ ਇਹ ਸ਼ਮਸ਼ਾਦ ਬੇਗਮ ਦੀ ਆਵਾਜ਼ ਵਿੱਚ ਫਿਲਮ 'ਗੁੱਡੀ' ਲਈ ਰਿਕਾਰਡ ਹੋਇਆ ਸੀ, ਪਰ ਹੁਣ ਦੇ ਸ੍ਰੋਤੇ ਸ਼ਾਇਦ 'ਸ਼ਮਸ਼ਾਦ ਬੇਗਮ' ਅਤੇ 'ਗੁੱਡੀ' ਫਿਲਮ ਨੂੰ ਨਾ ਜਾਣਦੇ


ਵਰਮਾ ਮਲਿਕ

ਹੋਣ, ਪਰ ਇਹ ਗੀਤ ਉਹਨਾਂ ਨੇ ਸੁਣਿਆ ਜ਼ਰੂਰ ਹੋਵੇਗਾ।

ਇਸ ਗੀਤ ਦੀ ਲੇਖਣੀ ਦਸਦੀ ਹੈ ਕਿ ਇਹ ਕਿਸੇ ਠੇਠ ਪੰਜਾਬੀ ਦੀ ਹੀ ਲਿਖਤ ਹੈ। ਸੋ ਗੱਲ ਕਰਦੇ ਹਾਂ, ਇਕ ਅਜਿਹੇ ਗੀਤਕਾਰ ਦੀ ਜਿਸ ਨੇ ਇਸ ਗੀਤ ਸਮੇਤ ਹੋਰ ਸੈਂਕੜੇ ਸਦਾਬਹਾਰ ਗੀਤ ਪੰਜਾਬੀ ਬੋਲੀ ਦੀ ਝੋਲੀ ਪਾਏ। ਇਸ ਤੋਂ ਪਹਿਲਾਂ ਕਿ ਉਸ ਗੀਤਕਾਰ ਦੇ ਨਾਂ ਦਾ ਜ਼ਿਕਰ ਕੀਤਾ ਜਾਵੇ, ਉਸ ਸ਼ਖ਼ਸੀਅਤ ਦੇ ਲਿਖੇ ਇਕ ਦੋ ਹੋਰ ਸਦਾਬਹਾਰ ਪੰਜਾਬੀ ਗੀਤਾਂ ਦੇ ਮੁੱਖੜੇ ਵੀ ਦੇਖ ਲਵੋ:

*ਬੱਤੀ ਬਾਲ ਕੇ ਬਨੇਰੇ ਉੱਤੇ ਰੱਖਨੀਂ ਆਂ*
*ਗਲੀ ਭੁੱਲ ਨਾ ਜਾਵੇ ਚੰਨ ਮੇਰਾ*
*ਉਸ ਨੂੰ ਨਾ ਚੰਗੀ ਤਰਾਂ ਗਲੀ ਦੀ ਪਛਾਣ ਏਂ*
*ਰਾਤ ਹਨੇਰੀ ਮੇਰਾ ਮਾਹੀ ਅਣਜਾਣ ਏਂ*
*ਬੂਹਾ ਖੋਲ ਕੇ ਮੈਂ ਚੋਰੀ-ਚੋਰੀ ਤੱਕਨੀਂ ਆਂ*
*ਉਹਨੂੰ ਪੁੱਛਣਾ ਪਵੇ ਨਾ ਦਰ ਮੇਰਾ*
*ਹਾਏ ਨੀਂ ! ਬੱਤੀ ਬਾਲ ਕੇ ਬਨੇਰੇ ਉੱਤੇ ਰੱਖਨੀਂ ਆਂ*

ਇਹਨਾਂ ਗੀਤਾਂ ਦੇ ਗੀਤਕਾਰ ਦਾ ਨਾਮ ਹੈ; ਬਰਕਤ ਰਾਇ ਮਲਿਕ। ਬਰਕਤ ਰਾਇ ਦਾ ਜਨਮ, ਅਣਵੰਡੇ ਪੰਜਾਬ ਦੇ ਜਿਲ੍ਹਾ ਸ਼ੇਖ਼ੂਪੁਰਾ ਦੀ ਤਹਿਸੀਲ ਫਿਰੋਜ਼ਵਾਲਾ ਵਿੱਚ 13 ਅਪ੍ਰੈਲ 1925 ਨੂੰ ਇਕ ਸਰਦੇ-ਪੁਜਦੇ ਪਰਿਵਾਰ 'ਚ ਹੋਇਆ।

ਪਰਿਵਾਰ ਦਾ ਲਗਾਓ ਗੁਰੂ ਘਰ ਨਾਲ ਸੀ। ਬਰਕਤ ਗੁਰੂ ਘਰ 'ਚ ਧਾਰਮਿਕ ਕਵਿਤਾ ਬੋਲ ਆਉਂਦਾ, ਉਸ ਨੂੰ ਵਾਹ-ਵਾਹ ਮਿਲਦੀ। ਇਕ ਵਾਰੀ ਗੁਰਪੁਰਬ ਦੇ ਮੌਕੇ 'ਤੇ ਬੋਲਣ ਲਈ ਉਸਨੇ ਕਿਸੇ ਵਿਆਕਤੀ ਨੂੰ ਕਵਿਤਾ ਲਿਖ ਕੇ ਦੇਣ ਲਈ ਕਿਹਾ, ਪਰ ਉਸ ਵਿਅਕਤੀ ਨੇ ਬਰਕਤ ਨੂੰ ਨਾਂਹ ਕਰ ਦਿੱਤੀ। ਬਰਕਤ ਨੇ ਘਰ ਆਣ ਕੇ ਇਕ ਦੋ ਬੰਦਾਂ ਦੀ ਆਪਣੇ ਆਪ ਹੀ ਤੁੱਕ-ਬੰਦੀ ਕਰ ਲਈ ਤੇ ਗੁਰਪੁਰਬ ਵਾਲੇ ਦਿਨ ਆਪਣੀ ਲਿਖੀ ਕਵਿਤਾ ਬੋਲੀ ਤਾਂ ਉਸਨੂੰ ਸੰਗਤ ਨੇ ਭਰਪੂਰ ਦਾਦ ਦਿੱਤੀ। ਬੱਸ, ਇੱਥੋਂ ਹੀ ਉਸਦੀ ਗੀਤਕਾਰੀ ਦਾ ਸਫ਼ਰ ਸ਼ੁਰੂ ਹੋ ਗਿਆ।

ਉਹਨਾਂ ਦਿਨਾਂ 'ਚ ਦੇਸ਼ ਦੀ ਆਜ਼ਾਦੀ ਦੀ ਲਹਿਰ ਬੜੇ ਜ਼ੋਰਾਂ 'ਤੇ ਸੀ। ਬਰਕਤ ਜਦੋਂ ਜਵਾਨੀ ਦੀ ਦਹਿਲੀਜ਼ 'ਤੇ ਪੈਰ ਧਰ ਰਿਹਾ ਸੀ ਤਾਂ ਆਜ਼ਾਦੀ ਲਈ ਉਸ ਦਾ ਖ਼ੂਨ ਉਬਾਲੇ ਮਾਰਨ ਲੱਗਿਆ। ਉਹ ਦੇਸ਼ ਭਗਤੀ ਦੀਆਂ ਕਵਿਤਾਵਾਂ ਤੇ ਭਜਨ ਬੋਲਣ ਲੱਗ ਪਿਆ। ਆਜ਼ਾਦੀ ਸੰਗਰਾਮ ਦੀਆਂ ਨੁੱਕੜ ਮੀਟਿੰਗਾਂ ਵਿੱਚ ਵੀ ਹਿੱਸਾ ਲੈਣ ਲੱਗ ਪਿਆ। ਅੰਗਰੇਜ਼ ਹਕੂਮਤ ਨੇ ਬਰਕਤ ਨੂੰ ਜੇਲ੍ਹ ਡੱਕ ਦਿੱਤਾ, ਪਰ ਛੋਟੀ ਉਮਰ ਹੋਣ ਕਾਰਨ ਜਲਦ ਹੀ ਰਿਹਾਅ ਕਰ ਦਿੱਤਾ ਗਿਆ।

ਬਰਕਤ ਨੇ ਸ਼ੇਖ਼ੂਪੁਰਾ ਤੋਂ ਗਿਆਨੀ ਕੀਤੀ ਅਤੇ ਨਾਲ ਨਾਲ ਵਾਜਾ ਵਜਾਉਣਾ ਵੀ ਸਿੱਖਦਾ ਰਿਹਾ। ਹੌਲੀ ਹੌਲੀ ਬਰਕਤ ਇਕ ਗਾਇਕ, ਗੀਤਕਾਰ ਤੇ ਸਾਜਿੰਦਾ ਵੀ ਬਣ ਗਿਆ। 1947 ਨੂੰ ਦੇਸ਼ ਆਜ਼ਾਦ ਹੋ ਗਿਆ ਪਰ ਪੰਜਾਬ ਦੀ ਧਰਤੀ ਦਾ ਕਾਲਜਾ ਪਾੜ ਕੇ ਇਸਦੇ ਦੋ ਟੁਕੜੇ ਕਰ ਦਿੱਤੇ ਗਏ। ਮਹਿੰਗੀਆਂ ਜ਼ਮੀਨਾਂ ਜਾਇਦਾਦਾਂ ਛੱਡ ਕੇ ਬਰਕਤ ਦੇ ਪਰਿਵਾਰ ਨੂੰ ਖਾਲੀ ਹੱਥ, ਜਾਨ ਬਚਾ ਕੇ ਆਪਣੀ ਜਨਮ ਭੂਮੀ ਛੱਡ, ਭਾਰਤੀ ਪੰਜਾਬ ਆਉਣਾ ਪਿਆ। ਉਧਰੋਂ ਐਧਰ ਆਉਂਦੇ ਸਮੇਂ ਬਰਕਤ ਦੇ ਪੈਰ 'ਚ ਗੋਲੀ ਵੀ ਵੱਜੀ ਪਰ ਆਖ਼ਰ ਵਕਤ ਦੀਆਂ ਠੋਕਰਾਂ ਖਾਂਦਾ ਪਰਿਵਾਰ ਦਿੱਲੀ ਪੁੱਜ ਗਿਆ।

ਬਾਕੀ ਪਰਿਵਾਰ ਤਾਂ ਦਿੱਲੀ ਹੀ ਸੈੱਟ ਹੋ ਗਿਆ, ਪਰ ਸੰਗੀਤ ਦਾ ਜਨੂੰਨ ਬਰਕਤ ਨੂੰ ਬੰਬਈ ਲੈ ਗਿਆ। ਵੰਡ ਤੋਂ ਪਹਿਲਾਂ ਅੰਬਾਲੇ ਵਾਲੇ ਸੰਗੀਤ ਮਾਸਟਰ 'ਹੰਸ ਰਾਜ ਬਹਿਲ' ਨੇ ਲਾਹੌਰ ਦੇ ਅਨਾਰਕਲੀ ਬਾਜ਼ਾਰ 'ਚ ਸੰਗੀਤ ਦਾ ਸਕੂਲ ਖੋਲ੍ਹਿਆ ਹੋਇਆ ਸੀ। ਹੰਸ ਰਾਜ ਬਹਿਲ ਦਾ ਛੋਟਾ ਭਰਾ ਗੁਲਸ਼ਨ ਬਹਿਲ, ਬਰਕਤ ਰਾਇ ਦਾ ਦੋਸਤ ਸੀ।

ਬਰਕਤ ਰਾਇ ਦੇ ਬੰਬਈ ਪਹੁੰਚਣ 'ਚ ਗੁਲਸ਼ਨ ਬਹਿਲ ਦਾ ਬਹੁਤ ਵੱਡਾ ਯੋਗਦਾਨ ਸੀ। ਬੰਬਈ ਪਹੁੰਚ ਕੇ ਬਰਕਤ ਹੰਸ ਰਾਜ ਬਹਿਲ ਦੇ ਕੋਲ ਹੀ ਠਹਿਰਿਆ। ਹੰਸ ਰਾਜ ਬਹਿਲ ਬੰਬਈ ਵਿੱਚ ਬਤੌਰ ਫਿਲਮੀ ਸੰਗੀਤ ਨਿਰਦੇਸ਼ਕ ਪਹਿਲਾਂ ਹੀ ਆਪਣੇ ਪੈਰ ਜਮਾ ਚੁੱਕਿਆ ਸੀ।

ਬਰਕਤ ਰਾਏ ਨੇ 'ਹੰਸ ਰਾਜ ਬਹਿਲ' ਦਾ ਲੜ ਫੜ੍ਹਿਆ ਤਾਂ ਬਹਿਲ ਸਾਹਿਬ ਨੇ ਸਭ ਤੋਂ ਪਹਿਲਾਂ ਬਰਕਤ ਰਾਇ ਮਲਿਕ ਤੋਂ ਉਸਦਾ ਨਾਮ ਬਦਲ ਕੇ 'ਵਰਮਾ ਮਲਿਕ' ਕਰਾਇਆ। ਬਰਕਤ ਰਾਇ ਮਲਿਕ ਨਾਮ ਸ਼ਾਇਦ ਕੁਝ ਜ਼ਿਆਦਾ ਹੀ ਵੱਡਾ ਸੀ।

ਮੁੱਕਦੀ ਗੱਲ 'ਬਰਕਤ ਰਾਇ ਮਲਿਕ' ਬੰਬਈ ਪਹੁੰਚ ਕੇ 'ਵਰਮਾ ਮਲਿਕ' ਬਣ ਗਿਆ। ਸੰਨ 1949 ਦੇ ਦਿਨਾਂ ਵਿੱਚ 'ਹੰਸ ਰਾਜ ਬਹਿਲ' ਹਿੰਦੀ ਫਿਲਮ 'ਚਕੋਰੀ' ਦਾ ਸੰਗੀਤ ਕਰ ਰਹੇ ਸਨ। ਹੰਸ ਰਾਜ ਬਹਿਲ ਨੇ ਵਰਮਾ ਮਲਿਕ ਤੋਂ ਫਿਲਮ 'ਚਕੋਰੀ' ਲਈ ਸਿਰਫ਼ ਇਕ ਹੀ ਗੀਤ ਲਿਖਾਇਆ, ਜਿਸਦੇ ਬੋਲ ਸਨ:

*ਹਾਏ ! ਚੰਦਾ ਗਏ ਪਰਦੇਸ*
*ਚਕੋਰੀ ਯਹਾਂ ਰੋ ਰੋ ਮਰੇ*

ਇਸ ਗੀਤ ਨੂੰ ਲਤਾ ਮੰਗੇਸ਼ਕਰ ਦੀ ਆਵਾਜ਼ ਵਿੱਚ ਰਿਕਾਰਡ ਕੀਤਾ ਗਿਆ। ਪਰੰਤੂ ਨਾ ਤਾਂ ਫਿਲਮ ਕੋਈ ਬਹੁਤੀ ਕਾਮਯਾਬ ਹੋਈ ਨਾ ਹੀ 'ਵਰਮਾ ਮਲਿਕ' ਨੂੰ ਉਸਦਾ ਕੋਈ ਫਾਇਦਾ ਹੋਇਆ ਕਿਉਂਕਿ ਵਰਮਾ ਮਲਿਕ ਠੇਠ ਪੰਜਾਬੀ ਬੰਦਾ ਸੀ। ਹਿੰਦੀ ਤਾਂ ਉਸਨੂੰ ਆਉਂਦੀ ਵੀ ਨਹੀਂ ਸੀ ਤੇ ਬੰਬਈ 'ਚ ਹਿੰਦੀ ਦੇ ਵੱਡੇ ਵੱਡੇ ਗੀਤਕਾਰਾਂ ਦੇ ਮੁਕਾਬਲੇ 'ਮਲਿਕ' ਦੇ ਪੈਰ ਨਾ ਲੱਗ ਸਕੇ। ਪਰ ਮਲਿਕ ਨੇ ਬਹਿਲ ਸਾਹਿਬ ਦੀ ਬਾਂਹ ਨਾ ਛੱਡੀ। 1950 ਵਿੱਚ ਬਹਿਲ ਸਾਹਿਬ ਨੂੰ ਇੱਕ ਪੰਜਾਬੀ ਫਿਲਮ ਮਿਲੀ ਜਿਸਦਾ ਨਾਮ ਸੀ 'ਛਈ'। ਬਹਿਲ ਸਾਹਿਬ ਨੇ ਇਸ ਫਿਲਮ ਦੇ ਸਾਰੇ ਗੀਤ ਹੀ 'ਵਰਮਾ ਮਲਿਕ' ਤੋਂ ਲਿਖਵਾਏ। ਬਹਿਲ ਸਾਹਿਬ ਨੂੰ ਇਹ ਵੀ ਸਹੂਲਤ ਸੀ ਕਿ ਮਲਿਕ, ਗੀਤਾਂ ਦੀਆਂ ਤਰਜ਼ਾਂ ਵੀ ਆਪ ਬਣਾ ਲੈਂਦਾ ਸੀ। ਇਸ ਫਿਲਮ ਵਿੱਚ ਮੁਹੰਮਦ ਰਫੀ ਤੇ ਸ਼ਮਸ਼ਾਦ ਬੇਗਮ ਜਿਹੇ ਗਾਇਕਾਂ ਨੇ ਵਰਮਾ ਮਲਿਕ ਦੇ ਲਿਖੇ ਗੀਤ ਗਾਏ ਜਿਹਨਾਂ ਵਿੱਚ:

*ਦਿਲ ਟੁੱਟ ਗਏ ਮਿਲਣ ਤੋਂ ਪਹਿਲਾਂ*
*ਤੇ ਦੁਨੀਆਂ ਦਾ ਕੀ ਗਿਆ ਏ*
*ਕੁੱਝ ਤੇ ਦਿਲ ਹੌਲਾ ਹੋ ਜਾਂਦਾ*
*ਥੋੜ੍ਹਾ ਜਿਹਾ ਦਿਲ ਰੋ ਲੈਂਦਾ*
*ਹੰਝੂ ਸੁੱਕ ਗਏ ਡਿੱਗਣ ਤੋਂ ਪਹਿਲਾਂ*
*ਤੇ ਦੁਨੀਆਂ ਦਾ ਕੀ ਗਿਆ ਏ..*
*ਦਿਲ ਟੁੱਟ ਗਏ ਮਿਲਣ ਤੋਂ ਪਹਿਲਾਂ*
*ਤੇ ਦੁਨੀਆਂ ਦਾ ਕੀ ਗਿਆ ਏ*
*ਖਾ ਕੇ ਤੀਰ ਕਲੇਜੇ ਦੇ ਵਿੱਚ*
*ਬੈਠੇ ਆਂ ਅਸੀਂ ਚੁੱਪ ਕਰਕੇ*
*ਖੰਭ ਝੜ ਗਏ ਉੱਡਣ ਤੋਂ ਪਹਿਲਾਂ*
*ਤੇ ਦੁਨੀਆਂ ਦਾ ਕੀ ਗਿਆ ਏ*

**ਆਵਾਜ਼ਾਂ- ਮੁਹੰਮਦ ਰਫੀ ਤੇ ਸ਼ਮਸ਼ਾਦ ਬੇਗਮ**

## facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

ਇੱਕ ਪਿੰਕਾ ਜਰਗ ਨਾਮ ਦਾ ਬਾਈ ਐ। ਫਿੱਟਨੈੱਸ ਤੇ ਬਹੁਤ ਵਧੀਆ ਕੰਮ ਕਰ ਰਿਹੈ। ਦੋ ਕੁ ਦਿਨ ਪਹਿਲਾਂ ਉਹਨੇ ਇੱਕ ਵੀਡਿਓ ਪਾਈ, ਜੀਹਦੇ 'ਚ ਉਹਨੇ ਸ਼ਰਾਬ ਡੋਲ੍ਹੀ ਸੀ ਤੇ ਕਿਹਾ ਸੀ ਕਿ ਇਹਨੂੰ ਛੱਡੋ। ਇਹ ਵੀਡੀਓ ਮੇਰੇ ਇੱਕ ਹਰ ਰੋਜ਼ ਪੈੱਗ ਲਾਉਣ ਆਲੇ ਆੜੀ ਨੇ ਦੇਖਲੀ। ਉਹ ਵੀਡੀਓ ਤੇ ਪਿੰਕੇ ਦੇ ਸ਼ਰੀਰ ਦੇਖ ਕੇ ਪੂਰਾ ਫੁੱਲ ਮੋਟੀਵੇਟ ਹੋਗਿਆ। ਉਹਨੇ ਵੀ ਮਥ ਲਿਆ ਵੀ ਮੈਂ ਵੀ ਸ਼ਰਾਬ ਛੱਡੂੰ ਤੇ ਸ਼ਰੀਰ ਬਣਾਊਂ।



ਉਹਨੇ ਕੀ ਕੀਤਾ ਨਾਲ ਦੀ ਨਾਲ ਈ ਮੈਨੂੰ ਫ਼ੋਨ ਠੋਕਿਆ ਤੇ ਕਹਿੰਦਾ:- ਜਦੋਂ ਤੂੰ ਗਰਾਊਂਡ 'ਚ ਜਾਨਾ ਹੁੰਨੈ, ਮੈਨੂੰ ਵੀ ਲੈਜਿਆ ਕਰ। ਮਖਿਆਂ ਕੋਈ ਨੀ ਤੜਕੇ ਸਹੀ।

ਚਲੋ ਜੀ ਮੈਂ ਕੱਲ੍ਹ ਤੜਕੇ ਲੈਗਿਆ ਉਹਨੂੰ ਨਾਲ। ਉਹ ਪੂਰਾ ਫੁੱਲ ਮੋਟੀਵੇਟ। ਜੋਸ਼ ਨਾਲ ਪੂਰਾ ਭਰਿਆ ਹੋਇਆ। ਮੈਂ ਉਹਨੂੰ ਕਿਹਾ ਵੀ ਅੱਜ ਤੇਰਾ ਪਹਿਲਾ ਦਿਨ ਐ, ਸ੍ਰਾਬ ਨਾਲ ਚੱਲੀ, ਚੱਕਰ ਘੱਟ ਲਾਈਂ, ਐਕਸਰਸਾਈਜ਼ ਘੱਟ ਕਰੀਂ, ਨਈਂ ਤੈਥੋਂ ਕੱਲ੍ਹ ਨੂੰ ਨੀ ਆਇਆ ਜਾਣਾ। ਕਹਿੰਦਾ ਹੁਣ ਨੀ ਨਾਂਗਾ ਪੈਂਦਾ ਕਦੇ ਵੀ, ਦੇਖੀ ਚੱਲ ਤੂੰ, ਜੋਸ਼ 'ਚ ਪੂਰੇ ਜੰਪ ਮਾਰੀ ਜਾਵੇ। ਕਹਿੰਦਾ ਚੱਲ ਸ਼ੁਰੂ ਕਰ ਕੇਰਾਂ ਦੌੜ। ਚਲੋ ਜੀ ਸ਼ੁਰੂ ਕਰਤੀ ਦੌੜ। ਉਹਨੇ ਤਾਂ ਜੋਸ਼-ਜੋਸ਼ 'ਚ ਮੇਰੇ ਬਰਾਬਰ ਦਸ ਚੱਕਰ ਠੋਕੇ। ਫੇਰ ਪੰਜਾਹ ਉੱਠਣ ਬੈਠਣ ਆਲੇ ਡੰਡ। ਮੈਂ ਬਥੇਰਾ ਕਿਹਾ ਵੀ ਅੱਜ ਘੱਟ ਲਾ। ਪਰ ਨਾ ਮੰਨਿਆ, ਕਹਿੰਦਾ ਬੱਸ ਪਰ੍ਹੇ ਹੋਜਾ ਤੇ ਦੇਖੀ ਚੱਲ ਬਣਦਾ ਕੀ ਐ। ਬਾਹਾਂ-ਬੂਹਾਂ ਘੁਮਾਵੇ। ਭਲਵਾਨਾਂ ਅੰਗੂੰ ਲੱਤਾਂ ਝਟਕੇ ਏਧਰ-ਓਧਰ। ਦੋ ਸਪਰਿੰਟਾਂ ਠੋਕੀਆਂ। ਅਖੀਰ ਤੇ ਪੂਰਾ ਹੰਭਗਿਆ।

ਆਉਣ ਵੇਲੇ ਮੈਨੂੰ ਕਹਿੰਦਾ ਮੈਂ ਖਾਇਆ ਕੀ ਕਰਾਂ ? ਮਖਿਆਂ ਬਦਾਮ ਲਿਆ ਕੇਰਾਂ, ਬਾਕੀ ਚੀਜ਼ਾਂ ਫੇਰ ਲੈ ਆਈਂ। ਕਹਿੰਦਾ ਠੀਕ ਐ ਪਰ ਮੈਨੂੰ ਕੇਰਾਂ ਪੈਸੇ ਦੇਦੀਂ ਬਦਾਮਾਂ ਵਾਸਤੇ, ਮੈਂ ਤੈਨੂੰ ਰੁਕ ਕੇ ਦੇਦੂੰ। ਮਖਿਆਂ ਕੋਈ ਨੀ। ਆਥਣੇ ਸੱਤ ਕੁ ਵਜੇ ਫ਼ੋਨ ਕਰਲਿਆ ਮੈਨੂੰ। ਕਹਿੰਦਾ ਦੋ ਸੌ ਰੁਪੀਆ ਦੇਹ। ਮਖਿਆਂ ਆਹ ਕਿਹੜਾ ਟੈਮ ਐਂ ਬਦਾਮ ਲਿਆਉਣ ਦਾ ? ਕੱਲ੍ਹ ਨੂੰ ਲੈ ਆਈਂ, ਕੱਲ੍ਹ ਨੂੰ ਮੈਨੂੰ ਵੀ ਕੰਮ ਐਂ ਮੰਡੀ, ਦੋਵੇਂ ਚੱਲਾਂਗੇ। ਕਹਿੰਦਾ ਕਿਹੜੇ ਬਦਾਮ, ਮੈਂ ਤਾਂ ਗਰਾਊਂਡ 'ਚੋਂ ਆ ਕੇ ਸਾਰਾ ਦਿਨ ਪਿਆ ਰਿਹਾ। ਹੁਣ ਲੱਤਾਂ-ਬਾਹਾਂ ਪੂਰੀਆਂ ਫੁੱਲ ਦੁਖੀ ਜਾਂਦੀਐਂ, ਚੱਜ ਨਾਲ ਤੁਰਿਆ ਨੀ ਜਾਂਦਾ, ਜਮਾਂ ਜਾਨ ਈ ਨਿਕਲੀ ਜਾਂਦੀ ਐ, ਮੈਂ ਤਾਂ ਭਰਾਵਾ ਬੋਤਲ ਲਿਆਉਣੀ ਐਂ, ਓਹੀ ਸੈੱਟ ਕਰੂ, ਨਾਲੇ ਕੱਲ੍ਹ ਨੂੰ ਆਵਦਾ ਕੱਲਾ ਈ ਬਗਜੀਂ ਗਰਾਊਂਡ 'ਚ, ਮੇਰੇ ਤਾਂ ਹੱਥ ਖੜ੍ਹੇ ਐ, ਮੈਥੋਂ ਨੀ ਬਣਦੇ ਸਿਕਸ ਪੈਕ ....

ਕਹਿੰਦੇ ਕੇਰਾਂ ਦੋ-ਤਿੰਨ ਜਾਣਿਆ ਨੇ ਰੈਅ ਬਣਾਲੀ ਵੀ ਚੋਰੀਆਂ ਕਰਿਆ ਕਰਾਂਗੇ। ਦਿਨੇ ਸਾਰਾ ਦਿਨ ਵਿਹਲੇ ਰਹੇ ਤੇ ਰਾਤ ਨੂੰ ਚੋਰੀਆਂ, ਵਧੀਆ ਸੈੱਟ ਆਜੂ ਕੰਮ। ਉਨ੍ਹਾਂ ਨੇ ਸੋਚਿਆ ਵੀ ਕਿਉਂ ਨਾ ਇੱਕ ਬਾਜੀਗਰ ਨੂੰ ਨਾਲ ਰੱਖਲੀਏ, ਜਿਹੜੇ ਕੋਠੇ ਤੋਂ ਉੱਚੀ ਸੂਲੀ ਦੀ ਛਾਲ ਮਿੰਟ 'ਚ ਲਾ ਜਾਂਦੇ ਐ, ਉਨ੍ਹਾਂ ਵਾਸਤੇ ਕੰਧ ਟੱਪਣੀ ਕੀ ਚੀਜ਼ ਐ। ਚਲੋ ਜੀ ਉਨ੍ਹਾਂ ਨੇ ਇੱਕ ਬਾਜੀਗਰ ਭਾਲ ਕੇ ਉਹਦੇ ਨਾਲ ਗੱਲ ਪੱਕੀ ਕਰਲੀ ਵੀ ਤੂੰ ਸਾਡੇ ਨਾਲ ਕੰਮ ਕਰ। ਤੂੰ ਕਰਨਾ ਕੁਛ ਨੀ, ਬੱਸ ਅਗਲੇ ਦੀ ਕੰਧ ਟੱਪ ਕੇ, ਅੰਦਰ ਜਾ ਕੇ ਗੇਟ ਦੀ ਸੱਬਲ ਖੋਲ੍ਹਦਿਆ ਕਰੀਂ, ਐਦੂੰ ਬਾਅਦ ਸਾਰਾ ਕੰਮ ਸਾਡਾ ਤੇ ਚੋਰੀ ਦੇ ਸਮਾਨ 'ਚੋਂ ਚੌਥਾ ਹਿੱਸਾ ਤੇਰਾ। ਬਾਜੀਗਰ ਨੇ ਸੋਚਿਆ ਵੀ ਕੰਮ ਤਾਂ ਸੌਖਾ ਈ ਐ, ਤੇ ਮੰਨ ਗਿਆ।

ਤੀਜੇ ਦਿਨ ਸਾਰੇ ਹੋ ਕੇ 'ਕੱਠੇ ਤੇ ਲੈ ਕੇ ਫਿੜਕਿਆ ਜਾ ਫੀਟਰ ਨਾਲਦੇ ਪਿੰਡ ਚੋਰੀ ਕਰਨ ਬਾਗੇ। ਪਿੰਡ ਵੜਨ ਸਾਰ ਈ ਇੱਕ ਤਕੜਾ ਜਾ ਘਰ ਦੇਖ ਕੇ ਉਨ੍ਹਾਂ ਦੇ ਬਾਰਗੇ ਫੀਟਰ ਬੰਦ ਕਰਲਿਆ। ਘਰ ਦੀ ਕੰਧ ਕਿਲ੍ਹੇ ਵੰਗੂੰ ਖਾਸੀ ਉੱਚੀ। ਤਿੰਨੇ ਫੀਟਰ 'ਚੋਂ ਉੱਤਰ ਕੇ ਤੇ ਘਰ ਦਾ ਮੁਆਇਨਾ ਜਾ ਕਰ ਕੇ ਬਾਜੀਗਰ ਨੂੰ ਕਹਿੰਦੇ ਚਲ ਬਾਈ ਟੱਪਜਾ ਕੰਧ ਤੇ ਖੋਲ੍ਹਦੇ ਗੇਟ। ਬਾਜੀਗਰ ਕਹਿੰਦਾ ਐਂ ਟੱਪਾਂ ? ਉਹ ਮੂਹਰੋਂ ਕਹਿੰਦੇ ਹੋਰ ਕੀ ਮਹੂਰਤ ਕਢਾਉਣੀ ਐਂ, ਆਂਈਂ ਟੱਪਣੀ ਐਂ। ਬਾਜੀਗਰ ਕਹਿੰਦਾ, ਨਾ ਬਾਈ ਐਂ ਤਾਂ ਮੇਰੇ 'ਚ ਜੋਸ਼ ਈ ਨੀ ਆਉਣਾ। ਉਹ ਕਹਿੰਦੇ ਹੋਰ ਕਿਵੇਂ ਆਊ ? ਬਾਜੀਗਰ ਕਹਿੰਦਾ:- ਢੋਲ-ਢੂਲ ਵਜਾਓ, ਸੀਟੀਆਂ ਮਾਰੋ, ਉੱਚੀ-ਉੱਚੀ ਰੌਲਾ ਪਾਓ, ਫਿਰ ਦੇਖਿਓ ਇੱਕ ਪੁਲਾਂਘ 'ਚੀ ਪਾਰ ਜਾਂਦਾ।

ਉਹ ਤਿੰਨੇ ਜਾਣੇ ਹੱਥ ਬੰਨ੍ਹ ਕੇ ਕਹਿੰਦੇ:- ਭਰਾਵਾ ਆਹ ਬੰਨ੍ਹੇ ਤੇਰੇ ਅੱਗੇ ਹੱਥ, ਤੂੰ ਬਗ ਈ ਜਾ ਐਥੋਂ। ਅਸੀਂ ਤਾਂ ਕਿਵੇਂ ਨਾ ਕਿਵੇਂ ਆਪੇ ਖੋਲ੍ਹਲਾਂਗੇ ਜੇ ਖੁੱਲ੍ਹਿਆ ਤਾਂ, ਜੇ ਨਾ ਖੁੱਲ੍ਹਿਆ ਤਾਂ ਪਿੰਡ ਮੁੜਜਾਂਗੇ ਪਰ ਤੇਰੇ ਆਲਾ ਸ੍ਰਾਬ ਵਰਤ ਕੇ ਅਸੀਂ ਹੱਡ ਨੀ ਤੁੜਾਉਣੇ, ਕਿਤੇ ਹੋਰ ਤੜਕੇ ਘਰਦਿਆਂ ਨੂੰ ਆਹੀ ਫੀਟਰ ਜੇ 'ਚ ਪਾ ਕੇ ਹਸਪਤਾਲ ਲਜਾਣੇ ਪਈਏ।

**ਗੁਰਵਿੰਦਰ ਮਲਕਾਣਾ।**




*ਸਾਰੇ ਜੱਗ ਦੀ ਜਿਸ ਕੋਲ ਸ਼ਿਕਾਇਤ ਕੀਤੀ,*
*ਕਿਹੜੇ ਮੂੰਹ ਉਹਦੀ ਕਿਤੇ ਸ਼ਿਕਾਇਤ ਕਹੀ ਏ।*
*-ਮੀਸ਼ਾ।*

ਹਰ ਦੂਜੇ ਜਾਂ ਤੀਜੇ ਘਰ ਰਿਸ਼ਤਿਆਂ ਦੀ ਟੁੱਟ ਭੱਜ ਨੂੰ ਜਦੋਂ ਤਲਾਕ ਤੱਕ ਅੱਪੜੇ ਵੇਖਦੇ ਹਾਂ ਤਾਂ ਸੀਨੇ ਖੁਭੇ ਖੰਜਰ ਜਿਹੀ ਪੀੜ ਜਿਹਾ ਅਹਿਸਾਸ ਪਲਦਾ ਹੈ। ਵਿਆਹ ਇਕ ਹਾਦਸਾ ਹੋ ਜਾਂਦਾ ਹੈ। ਵੱਖਰੇ ਅੰਦਾਜ਼ ਨਾਲ ਮਨ ਮਰਜੀ ਦੀ ਜਿੰਦਗੀ ਜਿਉਣ ਦੀ ਲਾਲਸਾ ਸਿਰ ਚੁੱਕਦੀ ਹੈ। ਤਲਾਕ ਸ਼ਬਦ ਲਿਖਣ, ਬੋਲਣ ਜਾਂ ਸੁਨਣ ਵੇਲੇ ਜਿੰਨਾ ਛੋਟਾ ਅਤੇ ਸਹਿਜ ਦਿਸਦਾ ਹੈ, ਉਤਨਾ ਹੀ ਗਹਿਰਾ, ਸੰਘਣਾ ਤੇ ਡੂੰਘਾ ਜਖ਼ਮ ਇਹ ਸਿਨ. ਦੇ ਆਰ ਪਾਰ ਕਰ ਧਰਦਾ ਹੈ।ਇਕ ਕਾਗਜ਼ ਤੇ ਨਾਮ ਲਿਖਣ ਨਾਲ ਦਿਲ ਦੇ ਲਹੂ ਮਾਸ ਤੇ ਖੁਣਿਆ ਨਾਮ ਅੰਦਰੋਂ ਮਨਫ਼ੀ ਕਰਨਾ ਔਖਾ ਹੁੰਦਾ ਹੋਵੇਗਾ। ਕੁਝ ਅਰਸੇ ਦੀ ਗੈਰਹਾਜ਼ਰੀ ਮਗਰੋਂ ਹੀ ਕਿਸੇ ਦਾ ਹਾਸਾ, ਕਿਸੇ ਦੀ ਤੋਰ ਤੇ ਕਿਸੇ ਦੀ ਨਜ਼ਰ ਦੂਜਿਆਂ ਤੋਂ ਝਾਉਲਾ ਪਾਉਂਦੀਆਂ ਹੋਈਆਂ ਪੂਰੇ ਰਿਸ਼ਤੇ ਦੇ ਸਫਰ ਵਿੱਚ ਹੁਣ ਤੱਕ ਹੋਈਆਂ ਬੀਤੀਆਂ ਨੂੰ ਲੱਦ ਪਲੱਦ ਕਰਦਿਆਂ ਕਈ ਹੁਸੀਨ ਅਤੇ ਕੋਹਝੇ ਪਲਾਂ ਦੇ ਰੂ-ਬ-ਰੂ ਹੁੰਦਿਆਂ, ਤਨ ਅਤੇ ਮਨ ਦੇ ਜਸ਼ਨ ਨੂੰ ਦੂਹਰਾ ਕੇ ਜਾਂ ਹਿੱਕ ਵਿਚ ਪੈਲਾਂ ਪਾ ਰਹੇ ਭਵਿੱਖੀ ਸੁਪਨਿਆਂ ਦਾ ਪਸਾਰਾ ਯਾਦ ਕਰਦਿਆਂ ਬਸ ਰਾਹ ਬਦਲ ਕੇ ਮੂੰਹ ਮੋੜ ਕੇ ਪਾਏ ਕੱਪੜਿਆਂ ਵਾਂਗ ਰਿਸ਼ਤਾ ਲਾਹ ਧਰਨਾ ਔਖਾ ਹੈ। ਮਨ ਥਾਲ਼ੀ ਵਿਚਲੇ ਪਾਣੀ ਵਾਂਗ ਡੋਲਦਾ ਕਦੇ ਤੋਲਾ ਕਦੇ ਮਾਸਾ ਹੋ ਜਾਂਦਾ ਹੈ। ਇਕ ਦੋਸ਼ੀ ਬਿਰਤੀ ਸਵਾਲ ਦਰ ਸਵਾਲ ਆ ਖੜ੍ਹਦੀ ਹੈ। ਵੱਖ ਹੋ ਰਹੇ ਮਾਪਿਆਂ ਦੇ ਬੱਚੇ ਆਪਣੀਆਂ ਭਰੀਆਂ ਅੱਖਾਂ ਵਿਚ ਤੈਰਦੀ ਪੀੜ ਨੂੰ ਜਰਦੇ ਹਨ। ਉਨ੍ਹਾਂ ਦੀ ਮਾਸੂਮ ਤੱਕਣੀ ਵਿਚ ਤਰਸ ਦੀ ਮੰਗ ਹਰ ਮਿਲਦੀ ਸਾਂਝ ਕੋਲ ਅਬੋਲ ਹੀ ਜਾ ਖੜ੍ਹਦੀ ਹੈ।ਇਸ ਵਿਚ ਸ਼ੱਕ ਨਹੀਂ ਕਿ ਕਦਰਾਂ ਕੀਮਤਾਂ ਦੇ ਬਖੀਏ ਔਰਤ ਮਰਦ ਦੋਹਾਂ ਨੇ ਰਲ ਕੇ ਹੀ ਉਧੇੜੇ ਹਨ।

ਬੁਰੇ ਭਲੇ ਹਮ ਥਾਰੇ÷ ਜਿਹੀ ਭਾਵਨਾ ਮਨਫ਼ੀ ਹੋ ਗਈ ਹੈ। ਜਿਸ ਬਚਪਨ ਨੇ ਮਾਪਿਆਂ ਦੀ ਅਜਿਹੀ ਦਾਸਤਾਂ ਹੰਢਾਈ ਹੋਵੇ, ਉਹ ਛਿਜੀ ਮਾਨਸਿਕਤਾ ਨਾਲ ਹੀ ਜਿੰਦਗੀ ਦੀਆਂ ਸਭ ਜਿੰਮੇਵਾਰੀਆਂ ਨੂੰ ਮਜਬੂਰੀਆਂ ਸਮਝਦੇ ਹਨ।ਦੁਆਲੇ ਵਸਦੇ ਲੋਕਾਂ ਦੀਆਂ ਕਿਲਕਾਰੀਆਂ ਉਨਾਂ ਅੰਦਰ ਖਿਝ ਭਰਦੀਆਂ ਹਨ।ਇਕ ਉਦਾਸ ਰੰਗ ਘਰ ਦੀਆਂ ਕੰਧਾਂ ਸੰਗ ਆ ਚਿਪਕਦਾ ਹੈ। ਟੁੱਟਦੇ ਬਿਖਰਦੇ ਅਜਿਹੇ ਸੰਬੰਧਾਂ ਵਿਚ ਪਲਦੇ ਬੱਚੇ ਕਦੇ ਮਾਂ ਦੀ ਉਂਗਲ ਫੜਦੇ ਹਨ , ਕਦੇ ਪਿਉ ਦੇ ਹੰਝੂ ਪੂੰਝਦੇ ਹਨ। ਕਦੇ ਦੋਹਾਂ ਵਿਚ ਆਪਾ ਡਾਹ ਕੇ ਪੁਲ ਬਣਦੇ ਹਨ।ਕਦੇ ਆਪਣੇ ਆਪ ਨੂੰ ਫਾਲਤੂ ਹੋਣ ਦਾ ਅਹਿਸਾਸ ਹਢਾਉਂਦੇ ਹਨ। ਕਿਸੇ ਵੀ ਘਰ ਅੰਦਰ ਅਜਿਹਾ ਕਲੇਸ਼ ਫਿਕਰਾਂ ਦੀ ਫਸਲ ਬੀਜਦਾ ਹੈ। ਆਪਸ ਵਿਚ ਵਟਾਏ ਕੌੜੇ ਬੋਲ ਕਬੋਲ ਜਾਂ ਤਾਹਨੇ ਮਿਹਣੇ ਸੀਨੇ ਦੇ ਆਰ ਪਾਰ ਲੰਘਦੇ ਸਦਾ ਲਈ ਡੂੰਘੇ ਲਹਿ ਜਾਂਦੇ ਹਨ। ਗਿਲੇ ਸ਼ਿਕਵਿਆਂ ਦੇ ਅੰਬਾਰ ਉਸਰਦੇ ਹਨ। ਪੈਰ ਪੈਰ ਤੇ ਸ਼ੱਕ, ਬੇਈਮਾਨੀ, ਹਵਸ, ਨਫਰਤ ਉੱਗਦੇ ਹਨ। ਇਹ ਲੋਕ ਪਹਿਲਾਂ ਇਕ ਦੂਜੇ ਦੇ ਕਦਮਾਂ ਹੇਠ ਤਲੀਆਂ ਵਿਛਾਉਂਦੇ ਆਪਣਾ ਸਾਰਾ ਜ਼ੋਰ ਜਿੰਦਗੀ ਦੀ ਪਹਿਲੀ ਸੌ ਮੀਟਰ ਰੇਸ ਤੇ ਹੀ ਖਤਮ ਕਰ ਲੈਂਦੇ ਹਨ।ਬੱਸ ਛੇਤੀ ਹੀ ਸੱਚੀਂ ਮੁੱਚੀਂ ਹੱਸ ਕੇ ਗੱਲ ਕਰਨ ਨੂੰ ਜੀਅ ਤਰਸ ਜਾਂਦਾ ਹੈ।ਘਰ ਦਾ ਸਾਰਾ ਵਾਤਾਵਰਣ ਸੋਗੀ ਬਣ ਜਾਂਦਾ ਹੈ। ਇੱਕ ਉਦਾਸੀ ਕੰਧਾਂ ਨੂੰ ਆ ਚਿਪਕਦੀ ਹੈ। ਤਲਾਕ ਦਾ ਵਿਚਾਰ ਅਤੇ ਤਲਾਕ ਲੈ ਕੇ ਛਾਤੀ ਵਿਚੋਂ ਕੱਢ ਕੇ ਰਿਸ਼ਤਾ ਜੇਬ ਵਿਚ ਪਾ ਲੈਣ ਤਕ ਪੂਰਾ ਦੁਖਦਾਈ ਸਫ਼ਰ ਹੁੰਦਾ ਹੈ। ਸਮਾਜਿਕ, ਆਰਥਿਕ, ਅਤੇ ਮਾਨਸਿਕ ਹਾਲਾਤ ਨਾਲ ਦੇਹੀ ਦੁਖ ਆ ਘੇਰਦੇ ਹਨ। ਦੋਹਾਂ ਨੂੰ ਇਹ ਭੁਲੇਖਾ ਹੁੰਦਾ ਹੈ ਕਿ ਵੱਖ ਹੋ ਕੇ ਉਹ ਕੰਵਾਰੇ ਹੋਣ ਵਰਗੀ ਅਜ਼ਾਦ ਫਿਜ਼ਾ ਵਿਚ ਸਾਹ ਲੈਣਗੇ। ਲੜਕੀ ਲਈ ਹੋਰ ਵੀ ਔਖਾ ਹੈ। ਸਾਡੇ ਸਭਿਆਚਾਰ ਦਾ ਸਾਹਮਣਾ ਕਰਨਾ ਜਿਥੇ ਕਿਹਾ ਜਾਂਦਾ ਹੈ ਕਿ ਇਸਨੇ ਕੱਟਿਆ ਨਹੀਂ, ਔਰਤ ਲਈ ਦੁਸ਼ਵਾਰੀ ਬਣਦਾ ਹੈ। ਕਈ ਤਲਖ਼ੀਆਂ ਨਾਲ ਹੋ ਤੁਰਦੀਆਂ ਹਨ। ਇਹ ਵੀ ਸੱਚ ਹੈ ਕਿ ਕਈ ਵਾਰੀ ਦਾਜ ਕਰਕੇ ਜਾਂ ਫਰਜਾਂ ਨੂੰ ਮਨਫ਼ੀ ਕਰਕੇ ਹੱਕ ਹੀ ਹੱਕ ਜਾਂ ਕਾਨੂੰਨ ਦੀ ਦੁਰਵਰਤੋਂ ਜਾਂ ਦੋਹਾਂ ਧਿਰਾਂ ਦੇ ਮਾਪੇ ਇਸ ਬਲ਼ਦੀ ਤੇ ਹੋਰ ਤੇਲ ਪਾਉਣ ਵਿਚ ਸਹਾਈ ਹੁੰਦੇ ਹਨ। ਫੇਰ ਬੱਚੇ ਵੀ ਮਤਲਬੀ ਹੋ ਕੇ ਦੋਹਾਂ ਧਿਰਾਂ ਤੋਂ ਲਾਹਾ ਲੈਣ ਦੀ ਬਿਰਤੀ ਪਾਲਦੇ ਹਨ। ਖਿਲਰੇ ਹੋਏ ਪਤਰਿਆਂ ਜਿਹੀ ਜਿੰਦਗੀ ਹੋ ਜਾਂਦੀ ਹੈ। ਜਿਵੇਂ ਬੱਝੀ ਹੋਈ ਜਿਲਦ ਧੁਰੋਂ ਉੱਖੜ ਗਈ ਹੋਵੇ। ਹੰਕਾਰ, ਪੈਸਾ, ਉਲਾਦ, ਸਾਂਝਾਂ, ਘਰ ਵਸਤਾਂ ਅਤੇ ਸਭ ਸੁਪਨੇ ਬਿਖਰੇ ਹੋਏ ਟੁਕੜਿਆਂ ਵਾਂਗ ਖੁਭਦੇ ਹਨ। ਕਦੇ ਕੰਨਾਂ ਵਿਚ ਅਛੋਪਲੇ ਕੀਤੀਆਂ ਬਾਤਾਂ ਹੁਣ ਅਪੀਲ, ਦਲੀਲ ਅਤੇ ਵਕੀਲ ਕੋਲ ਜਾ ਪਸਰਦੀਆਂ ਹਨ। ਇਕ ਮੁਸ਼ਕਲ ਤੋਂ ਖਹਿੜਾ ਛੁਡਾਉਂਦੇ ਉਹ ਦੋਵੇਂ ਕਈ ਸਮੱਸਿਆਵਾਂ ਵਿਚ ਜਾ ਘਿਰਦੇ ਹਨ।

ਤਲਾਕ ਪ੍ਰਾਪਤੀ ਦੇ ਪਹਿਲੇ ਕੁਝ ਦਿਨ ਖੁੱਲ੍ਹ ਕੇ ਸਾਹ ਆਉਣ ਲੱਗਦਾ ਹੈ, ਪਰ ਕਦੇ ਕਦੇ ਆਪਣਾ ਆਪ ਕਿਰਚਾਂ ਹੋ ਕੇ ਬਿਖਰਿਆ ਲਗਦਾ ਹੈ। ਅਜਿਹੇ ਸਮੇਂ ਦੋਵੇਂ ਧਿਰਾਂ ਇਕ ਦੂਜੇ ਵਲੋਂ ਗੈਰਹਾਜ਼ਰ ਹੋ ਕੇ ਵੀ ਕਦੇ ਹਾਜਰ ਹੁੰਦੀਆਂ ਹਨ। ਤਲਾਕ ਲੈਣ ਵਿਚ ਬੱਚੇ ਵੱਡੀ ਰੁਕਾਵਟ ਵੀ ਬਣਦੇ ਹਨ ਅਤੇ ਬੱਚਿਆਂ ਦੀ ਮਾਨਸਿਕਤਾ ਵਲੂੰਧਰੀ ਜਾਂਦੀ ਹੈ। ਉਨਾਂ ਦਾ ਹਰ ਬੱਝੀ ਸੰਸਥਾ ਤੋਂ ਭਰੋਸਾ ਥਿੜਕਦਾ ਹੈ। ਉਨਾਂ ਦੀਆਂ ਸਭ ਸੋਚਾਂ ਤਿੜਕਦੀਆਂ ਹਨ। ਤਲਾਕ ਕਿਸੇ ਸਮੱਸਿਆ ਨੂੰ ਹੱਲ ਕਰਦਾ ਹੋਰ ਕਈ ਨਵੀਆਂ ਉਲਝਣਾਂ ਬਖੇਰਦਾ ਹੈ।

*'ਸ਼ਾਮ ਦੀ ਨਾ ਸਵੇਰ ਦੀ ਗੱਲ ਹੈ, ਵਕਤ ਦੇ ਹੇਰ ਫੇਰ ਦੀ ਗੱਲ ਹੈ।*
*ਕੀ ਕੀ ਕੀਤੇ ਸੀ ਕੌਲ ਆਪਾਂ ਵੀ, ਯਾਦ ਨਹੀਂ ਬਹੁਤ ਦੇਰ ਦੀ ਗੱਲ ਹੈ।'*

# ਸਿੱਖਿਆ ਦੇ ਨਾਲ ਸੰਸਕਾਰ ਵੀ ਜ਼ਰੂਰੀ

**-ਪ੍ਰਿੰ. ਡਾਕਟਰ ਮੋਹਨ ਲਾਲ ਸ਼ਰਮਾ**

ਸਿੱਖਿਆ ਮਨੁੱਖ ਦੇ ਜੀਵਨ ਦਾ ਸਭ ਤੋਂ ਕੀਮਤੀ ਤੋਹਫਾ ਹੈ, ਜੋ ਵਿਅਕਤੀ ਦੇ ਜੀਵਨ ਦੀ ਦਿਸ਼ਾ ਅਤੇ ਦਸ਼ਾ ਦੋਵੇਂ ਬਦਲ ਦਿੰਦਾ ਹੈ। ਸੰਸਕਾਰ ਮਨੁੱਖ ਦੇ ਜੀਵਨ ਦਾ ਸਾਰ ਹੈ। ਚੰਗੇ ਸੰਸਕਾਰਾਂ ਰਾਹੀਂ ਮਨੁੱਖਾਂ ਦੀ ਸ਼ਖਸੀਅਤ ਦਾ ਨਿਰਮਾਣ ਅਤੇ ਵਿਕਾਸ ਹੁੰਦਾ ਹੈ ਅਤੇ ਜਦੋਂ ਮਨੁੱਖ ਵਿੱਚ ਸਿੱਖਿਆ ਅਤੇ ਸੰਸਕਾਰ ਦੋਵਾਂ ਦਾ ਵਿਕਾਸ ਹੋਵੇਗਾ ਤਾਂ ਉਹ ਪਰਵਾਰ, ਸਮਾਜ ਅਤੇ ਦੇਸ਼ ਦਾ ਵਿਕਾਸ ਕਰ ਸਕੇਗਾ। ਅੱਜ ਦੇ ਸਮੇਂ ਵਿੱਚ ਸਿੱਖਿਆ ਦਾ ਭਾਵ ਸਿਰਫ ਕਿਤਾਬੀ ਗਿਆਨ ਤੱਕ ਸੀਮਿਤ ਰਹਿ ਗਿਆ ਹੈ, ਜਦ ਕਿ ਸਿੱਖਿਆ ਅਸਲੀ ਚਰਿੱਤਰ ਦਾ ਗਿਆਨ ਹੁੰਦਾ ਹੈ, ਜੋ ਅੱਜ ਦੀ ਇਸ ਭੱਜ-ਦੌੜ ਵਾਲੀ ਜ਼ਿੰਦਗੀ ਵਿੱਚ ਅਸੀਂ ਭੁੱਲ ਚੁੱਕੇ ਹਾਂ।

ਅੱਜ ਦੇ ਮਾਤਾ-ਪਿਤਾ ਅਤੇ ਅਧਿਆਪਕਾਂ ਦਾ ਇਹ ਫਰਜ਼ ਹੋਣਾ ਚਾਹੀਦਾ ਹੈ ਕਿ ਬੱਚਿਆਂ ਨੂੰ ਸਦਾ ਸੱਚਾਈ ਦੇ ਰਸਤੇ ਉੱਤੇ ਚੱਲਣਾ ਸਿਖਾਉਣ, ਉਨ੍ਹਾਂ ਨੂੰ ਹੋਰਨਾਂ ਦੀ ਮਦਦ ਲਈ ਤਿਆਰ ਰਹਿਣਾ ਸਿਖਾਉਣ, ਮਾਤਾ ਪਿਤਾ ਅਧਿਆਪਕ ਤੇ ਵੱਡਿਆਂ ਦਾ ਸਨਮਾਨ ਕਰਨਾ ਸਿਖਾਉਣ, ਈਸ਼ਵਰ ਉੱਤੇ ਵਿਸ਼ਵਾਸ ਰੱਖਣਾ ਸਿਖਾਉਣ, ਉਨ੍ਹਾਂ ਨੂੰ ਸਹਿਣਸ਼ੀਲ ਬਣਾਉਣ, ਫਰਜ਼ਾਂ ਪ੍ਰਤੀ ਸੁਚੇਤ ਬਣਾਉਣ ਅਤੇ ਸਾਰਿਆਂ ਨਾਲ ਪ੍ਰੇਮ ਵਾਲਾ ਵਤੀਰਾ ਕਰਨਾ ਸਿਖਾਉਣ।

ਮਨੁੱਖ ਆਪਣੇ ਜੀਵਨ ਵਿੱਚ ਜੋ ਡਿਗਰੀ ਹਾਸਲ ਕਰਦਾ ਹੈ, ਉਹ ਸਿਰਫ ਕਾਗਜ਼ ਦਾ ਟੁਕੜਾ ਹੈ, ਜਦ ਕਿ ਵਿਅਕਤੀ ਦੀ ਅਸਲੀ ਡਿਗਰੀ ਉਸ ਦੇ ਸੰਸਕਾਰ ਤੇ ਵਤੀਰੇ ਵਿੱਚ ਝਲਕਦੀ ਹੈ। ਪ੍ਰਾਚੀਨ ਕਾਲ ਤੋਂ ਹੀ ਸਾਡੇ ਭਾਰਤ ਵਿੱਚ ਸੰਸਕਾਰਾਂ ਦਾ ਪਾਠ ਪੜ੍ਹਾਇਆ ਜਾ ਰਿਹਾ ਹੈ। ਵਿਦਿਆਰਥੀ ਨੂੰ ਸਭ ਤੋਂ ਪਹਿਲਾਂ 'ਮਾਤ੍ਰਦੇਵੋ ਭਵ, ਪਿਤ੍ਰਦੇਵੋ ਭਵ, ਆਚਾਰਯ ਦੇਵੋ ਭਵ ਅਤੇ ਅਤਿਥੀ ਦੇਵੋ ਭਵ' ਦੀ ਸਿੱਖਿਆ ਦਿੱਤੀ ਜਾਂਦੀ ਹੈ ਤਾਂ ਜੋ ਉਹ ਉਮਰ ਭਰ ਨੇਕੀ ਦੇ ਰਸਤੇ ਉੱਤੇ ਚੱਲ ਕੇ ਮਰਿਆਦਾ ਵਾਲਾ ਇਨਸਾਨ ਬਣੇ ਅਤੇ ਆਪਣੇ ਵੱਡਿਆਂ ਦਾ ਨਾਂਅ ਰੋਸ਼ਨ ਕਰੇ, ਪਰ ਅੱਜ ਦੀ ਸਥਿਤੀ ਬਹੁਤ ਗੰਭੀਰ ਹੋ ਚੁੱਕੀ ਹੈ।

ਅੱਜ ਦਾ ਵਿਦਿਆਰਥੀ ਭੌਤਿਕਵਾਦੀ ਰੁਝਾਨ ਦਾ ਬਣ ਚੁੱਕਾ ਹੈ। ਉਹ ਪੜ੍ਹਾਈ ਇਸ ਲਈ ਕਰਦਾ ਹੈ ਤਾਂ ਜੋ ਅਗਲੇ ਸਮੇਂ ਵਿੱਚ ਆਪਣੇ ਜੀਵਨ ਵਿੱਚ ਕੁਝ ਚੰਗੇ ਪੈਸੇ ਕਮਾ ਸਕੇ। ਉਸ ਡਾਕਟਰ ਨੂੰ ਵੀ ਇਸ ਗੱਲ ਤੋਂ ਕੋਈ ਫਰਕ ਨਹੀਂ ਪੈਂਦਾ ਕਿ ਸਾਹਮਣੇ ਵਾਲੇ ਦੀ ਆਰਥਿਕ ਸਥਿਤੀ ਕੀ ਹੈ। ਉਹ ਸਿਰਫ ਉਸ ਦਾ ਇਲਾਜ ਉਦੋਂ ਕਰਦਾ ਹੈ ਜਦੋਂ ਉਸ ਮਰੀਜ਼ ਕੋਲ ਇਲਾਜ ਕਰਵਾਉਣ ਲਈ ਪੈਸੇ ਹੁੰਦੇ ਹਨ। ਇਹ ਸਾਰੇ ਗੁਣ ਉਸ ਨੂੰ ਬਾਜ਼ਾਰੀ ਸਿੱਖਿਆ ਤੋਂ ਨਹੀਂ, ਸਗੋਂ ਸੰਸਕਾਰਾਂ ਦੀ ਸਿੱਖਿਆ ਤੋਂ ਮਿਲਣਗੇ ਅਤੇ ਉਹ ਸਿੱਖਿਆ ਉਸ ਨੂੰ ਆਪਣੇ ਘਰ ਵਿੱਚ ਹੀ ਮਿਲੇਗੀ।

ਪਿਛਲੇ ਦਿਨੀਂ ਸੋਸ਼ਲ ਮੀਡੀਆ ਉੱਤੇ ਇੱਕ ਪੁਲਸ ਅਧਿਕਾਰੀ ਦੀ ਆਪਣੇ ਪੁਰਾਣੇ ਸਕੂਲ ਵਿੱਚ ਅਧਿਆਪਕਾਂ ਦੇ ਪੈਰ ਛੂੰਹਦੇ ਹੋਏ ਫੋਟੋ ਵਾਇਰਲ ਹੋਈ ਸੀ। ਸਾਫ ਸੀ ਕਿ ਪੁਲਸ ਅਫਸਰ ਬਣੇ ਵਿਦਿਆਰਥੀ ਨੇ ਆਪਣੇ ਗੁਰੂ ਦਾ ਮਾਣ ਰੱਖਿਆ। ਜੇ ਉਹ ਪੁਲਸ ਅਫਸਰ ਬਣਿਆ ਵਿਦਿਆਰਥੀ ਆਪਣੇ ਪੁਰਾਣੇ ਸਕੂਲ ਵਿੱਚ ਨਾ ਆਉਂਦਾ ਤਾਂ ਕੀ ਹੁੰਦਾ। ਉਸ ਨੇ ਤਾਂ ਪੜ੍ਹਾਈ ਦੇ ਨਾਲ ਸੰਸਕਾਰਾਂ ਦੇ ਰਸਤੇ ਨੂੰ ਵੀ ਚੁਣਿਆ ਸੀ।

ਪ੍ਰਾਚੀਨ ਸਮੇਂ ਵਿੱਚ ਬੱਚਿਆਂ ਨੂੰ ਗੁਰੂ ਦੇ ਆਸ਼ਰਮ ਵਿੱਚ ਸਿੱਖਿਆ ਲਈ ਭੇਜਿਆ ਜਾਂਦਾ ਸੀ। ਓਦੋਂ ਵਿਦਿਆਰਥੀ ਉੱਤੇ ਪੜ੍ਹਾਈ ਦਾ ਕੋਈ ਬੋਝ ਨਾ ਪਾ ਕੇ ਸੰਸਕਾਰਾਂ ਦੀ ਸਿੱਖਿਆ ਦਿੱਤੀ ਜਾਂਦੀ ਸੀ ਕਿਉਂਕਿ ਮਨੁੱਖ ਦੇ ਜੀਵਨ ਵਿੱਚ ਸੰਸਕਾਰ ਹੀ ਉਹ ਜਾਇਦਾਦ ਹੈ, ਜੋ ਮਨੁੱਖ ਨੂੰ ਸਫਲ ਨਾਗਰਿਕ ਬਣਾਉਂਦੇ ਹਨ, ਜਿਵੇਂ ਬੱਚਿਆਂ ਨੂੰ ਜੇ ਤੋਹਫਾ ਨਾ ਦਿੱਤਾ ਜਾਵੇ ਤਾਂ ਉਹ ਕੁਝ ਸਮੇਂ ਤੱਕ ਰੋਵੇਗਾ, ਪਰ ਜੇ ਬੱਚਿਆਂ ਨੂੰ ਸੰਸਕਾਰ ਨਾ ਦਿੱਤੇ ਜਾਣ ਤਾਂ ਉਹ ਜੀਵਨ ਭਰ ਰੋਵੇਗਾ। ਸਿੱਖਿਆ ਲੈਣਾ ਤੇ ਸਿੱਖਿਆ ਖਰੀਦਣਾ ਦੋ ਵੱਖ-ਵੱਖ ਵਿਸ਼ੇ ਹਨ। ਸਿੱਖਿਆ ਲੈਣ ਉੱਤੇ ਸੰਸਕਾਰ ਮਿਲਦੇ ਹਨ, ਜਦ ਕਿ ਸਿੱਖਿਆ ਖਰੀਦਣ ਉੱਤੇ ਵਿਦਿਆਰਥੀ ਸੇਵਾ ਦਾ ਖਪਤਕਾਰ ਬਣ ਜਾਂਦਾ ਹੈ। ਠੀਕ ਉਸੇ ਤਰ੍ਹਾਂ ਜਦੋਂ ਖਪਤਕਾਰ ਕਿਸੇ ਵਸਤੂ ਨੂੰ ਖਰੀਦੇਗਾ ਤਾਂ ਉਸ ਦਾ ਮੁੱਲ-ਭਾਅ ਕਰੇਗਾ ਹੀ। ਇਹ ਵੀ ਦੇਖਿਆ ਜਾਂਦਾ ਹੈ ਕਿ ਮਾਤਾ-ਪਿਤਾ ਆਪਣੇ ਬੱਚੇ ਨੂੰ ਉਸੇ ਕੋਚਿੰਗ ਸੈਂਟਰ ਵਿੱਚ ਦਾਖਲਾ ਦਿਵਾਉਂਦੇ ਹਨ, ਜਿਸ ਦੀ ਫੀਸ ਵੱਧ ਹੁੰਦੀ ਹੈ। ਉਨ੍ਹਾਂ ਮੁਤਾਬਕ ਉਹੀ ਸਭ ਤੋਂ ਚੰਗੇ ਵਿਦਿਆ ਦੇ ਮੰਦਰ ਹਨ। ਉਨ੍ਹਾਂ ਨੂੰ ਇਸ ਨਾਲ ਫਰਕ ਨਹੀਂ ਪੈਂਦਾ ਕਿ ਉਨ੍ਹਾਂ ਦਾ ਬੱਚਾ ਉਥੇ ਕਿੱਦਾਂ ਦੀ ਸਿੱਖਿਆ ਹਾਸਲ ਕਰਦਾ ਹੈ। ਕੀ ਉਸ ਨੂੰ ਉਥੇ ਨੈਤਿਕਤਾ ਦੀ ਸਿੱਖਿਆ ਮਿਲਦੀ ਹੈ, ਜਵਾਬ ਹੋਵੇਗਾ ਸ਼ਾਇਦ ਨਹੀਂ। ਜਿਸ ਵਿਦਿਆ ਨਾਲ ਸਿਰਫ ਰੋਜ਼ੀ-ਰੋਟੀ ਚਲਾਉਣੀ ਸਿਖਾਈ ਜਾਵੇ ਅਤੇ ਰਟ ਕੇ ਨੰਬਰ ਲਿਆਂਦੇ ਜਾਣ, ਉਥੇ ਮਨੁੱਖੀ ਕਦਰਾਂ ਕੀਮਤਾਂ ਅਤੇ ਸੰਸਕਾਰਾਂ ਦੀ ਸਿੱਖਿਆ ਦਾ ਵਿਚਾਰ ਕਰਨਾ ਦਿਨ ਵੇਲੇ ਸੁਫਨਾ ਦੇਖਣ ਵਰਗਾ ਹੈ। ਮਾਪਿਆਂ ਨੂੰ ਪਤਾ ਨਹੀਂ ਕਿ ਕੋਚਿੰਗ ਕੇਂਦਰ ਵਿੱਚ ਪੜ੍ਹ ਕੇ ਨਿਕਲਿਆ ਬੱਚਾ ਹੀ ਸਫਲ ਹੋਵੇਗਾ। ਉਨ੍ਹਾਂ ਨੂੰ ਪਤਾ ਨਹੀਂ ਕਿ ਇੱਥੋਂ ਨਿਕਲਿਆ ਬੱਚਾ ਮੋਟੀ ਤਨਖਾਹ ਹਾਸਲ ਕਰ ਲਵੇਗਾ, ਪਰ ਉਹ ਸੰਸਕਾਰ ਕਿੱਥੋਂ ਲਵੇਗਾ ਜੋ ਗੁਰੂਕੁਲ ਵਿੱਚ ਮਿਲਦੇ ਸੀ, ਉਸ ਨੂੰ ਆਪਣੇ ਘਰ ਦੇ ਵੱਡੇ ਬਜ਼ੁਰਗਾਂ ਕੋਲੋਂ ਅਤੇ ਘਰ ਆਏ ਮਹਿਮਾਨਾਂ ਅਤੇ ਆਂਢ ਗੁਆਂਢ ਦੇ ਲੋਕਾਂ ਵੱਲੋਂ ਮਿਲਦੇ ਸੀ।

ਅੱਜ ਦਾ ਵਿਦਿਆਰਥੀ ਉਚ ਸਿੱਖਿਆ ਨੂੰ ਹਾਸਲ ਕਰ ਕੇ ਹੰਕਾਰੀ ਬਣਦਾ ਜਾਂਦਾ ਹੈ। ਸੱਚਾਈ ਇਹ ਹੈ ਕਿ ਤੁਸੀਂ ਕਿੰਨੀ ਹੀ ਉੱਚ ਸਿੱਖਿਆ ਹਾਸਲ ਕਿਉਂ ਨਾ ਕਰ ਲਓ, ਜਦੋਂ ਤੱਕ ਤੁਹਾਡੇ ਸੰਸਕਾਰ ਉਚ ਨਹੀਂ ਹੋਣਗੇ, ਤੁਸੀਂ ਜਿੱਤੀ ਹੋਈ ਬਾਜ਼ੀ ਵੀ ਹਾਰ ਜਾਓਗੇ, ਕਿਉਂਕਿ ਵਤੀਰਾ ਮਨੁੱਖ ਦਾ ਅਜਿਹਾ ਗੁਣ ਹੈ ਜਿਸ ਰਾਹੀਂ ਦੁਸ਼ਮਣ ਵੀ ਆਪਣਾ ਬਣਾਇਆ ਜਾ ਸਕਦਾ ਹੈ ਅਤੇ ਅੱਜ ਦੇ ਵਿਦਿਆਰਥੀਆਂ ਵਿੱਚ ਇਸ ਗੁਣ ਦੀ ਕਮੀ ਸਭ ਤੋਂ ਵੱਧ ਦਿੱਸਦੀ ਹੈ। ਅੱਜ ਦੇ ਵਿਦਿਆਰਥੀਆਂ ਵਿੱਚ ਉਹ ਸੰਸਕਾਰ ਨਹੀਂ ਹਨ, ਜੋ ਦੇਸ਼ ਤੇ ਸਮਾਜ ਦੀ ਭਲਾਈ ਸਿਖਾ ਸਕਣ। ਭ੍ਰਿਸ਼ਟ ਚਰਿੱਤਰ ਦਾ ਕਾਰਨ ਸ਼ਾਇਦ ਇਸੇ ਤਰ੍ਹਾਂ ਦੀ ਸੰਸਕਾਰਹੀਣ ਸਿੱਖਿਆ ਹੈ, ਜੋ ਸਮਾਜ ਵਿੱਚ ਵਿਅਕਤੀ ਨੂੰ ਸਿਰਫ ਪੈਸਾ ਇਕੱਠਾ ਕਰਨ ਨੂੰ ਮਜਬੂਰ ਕਰਦੀ ਹੈ। ਅੱਜ ਦਾ ਵਿਦਿਆਰਥੀ ਬੜੀ ਮਹਿੰਗੀ ਸਿੱਖਿਆ ਹਾਸਲ ਕਰ ਰਿਹਾ ਹੈ, ਜਿਸ ਨਾਲ ਸਿੱਖਿਆ ਦਾ ਬਾਜ਼ਾਰੀਕਰਨ ਵੀ ਵਧਦਾ ਜਾ ਰਿਹਾ ਹੈ ਅਤੇ ਉਸ ਪੈਸੇ ਨੂੰ ਵਾਪਸ ਹਾਸਲ ਕਰਨ ਦੀ ਚਾਹਤ ਵਿੱਚ ਉਸ ਦਾ ਚਰਿੱਤਰ ਭ੍ਰਿਸ਼ਟ ਹੁੰਦਾ ਜਾ ਰਿਹਾ ਹੈ। ਇਸ ਲਈ ਮਨੁੱਖ ਦੇ ਜੀਵਨ ਵਿੱਚ ਪੜ੍ਹਾਈ ਹੀ ਸਭ ਕੁਝ ਨਹੀਂ, ਸੰਸਕਾਰਾਂ ਦਾ ਵੀ ਮਹੱਤਵ ਪੂਰਨ ਸਥਾਨ ਹੈ ਅਤੇ ਸੰਸਕਾਰ ਕਿਤੋਂ ਖਰੀਦੇ ਨਹੀਂ ਜਾਂਦੇ। ਸੰਸਕਾਰ ਕਿਸੇ ਵੱਡੇ ਸਿੱਖਿਆ ਕੇਂਦਰ ਜਾਂ ਬਾਜ਼ਾਰ ਵਿੱਚ ਕਿਸੇ ਦੁਕਾਨ ਉੱਤੇ ਵੀ ਨਹੀਂ ਮਿਲਦੇ, ਸਗੋਂ ਚੰਗੇ ਸੰਸਕਾਰ ਤਾਂ ਬੱਚਿਆਂ ਨੂੰ ਪਰਵਾਰ, ਚੰਗੇ ਸਕੂਲ ਤੇ ਚੰਗੇ ਵਾਤਾਵਰਣ ਵਿੱਚ ਰਹਿ ਕੇ ਹੀ ਮਿਲਦੇ ਹਨ।

# ਸ. ਪ੍ਰਕਾਸ਼ ਸਿੰਘ ਬਾਦਲ ਦੀ ਚਿੱਠੀ ਰਿਸ਼ੀ ਨਾਗਰ ਦੇ ਨਾਮ

**ਲਿਖਤੁਮ...ਅੱਗੇ ਮਿਲੇ...**

**ਸ. ਪ੍ਰਕਾਸ਼ ਸਿੰਘ ਬਾਦਲ ਦਾ ਜਨਮ 8 ਦਸੰਬਰ 1927 ਨੂੰ ਪੰਜਾਬ ਦੇ ਮਲੋਟ ਨੇੜਲੇ ਅਬੁਲ ਖੁਰਾਣਾ ਪਿੰਡ ਵਿੱਚ ਹੋਇਆ ਸੀ। ਉਹਨਾਂ ਦੇ ਪਿਤਾ ਰਘੁਰਾਜ ਸਿੰਘ ਬਾਦਲ ਵੱਡੇ ਲੈਂਡਲੌਰਡੀ ਵਾਲੇ ਕਿਸਾਨ ਸਨ। ਸਾਲ 1959 ਵਿੱਚ ਉਹਨਾਂ ਦੀ ਸ਼ਾਦੀ ਬੀਬੀ ਸੁਰਿੰਦਰ ਕੌਰ ਨਾਲ ਹੋਈ। ਉਹਨਾਂ ਦੇ ਦੋ ਬੱਚੇ - ਬੀਬਾ ਪਰਨੀਤ ਕੌਰ ਅਤੇ ਕਾਕਾ ਸੁਖਬੀਰ ਸਿੰਘ ਬਾਦਲ ਹਨ। ਕੱਟੜ ਅਕਾਲੀ ਅਤੇ ਪੰਥਕ ਆਗੂ ਰਹੇ ਸ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਬੇਟੀ ਬੀਬਾ ਪਰਨੀਤ ਕੌਰ ਦੀ ਸ਼ਾਦੀ ਕੱਟੜ ਕਾਂਗਰਸੀ ਤੇ ਸਾਬਕਾ ਮੁਖਮੰਤਰੀ ਪ੍ਰਤਾਪ ਸਿੰਘ ਕੈਰੋਂ ਦੇ ਪੋਤਰੇ ਕਾਕਾ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨਾਲ ਕੀਤੀ ਤੇ ਕਾਕਾ ਸੁਖਬੀਰ ਸਿੰਘ ਬਾਦਲ ਦੀ ਸ਼ਾਦੀ ਕੱਟੜ ਕਾਂਗਰਸੀ ਸ ਸੁਰਜੀਤ ਸਿੰਘ ਮਜੀਠੀਆ ਦੇ ਪੋਤਰੀ ਬੀਬਾ ਹਰਸਿਮਰਤ ਕੌਰ ਬਾਦਲ ਨਾਲ ਕੀਤੀ। ਉਹਨਾਂ ਲਾਹੌਰ ਦੇ ਫੋਰਮਨ ਕ੍ਰਿਸਚੀਅਨ ਕਾਲਜ ਤੋਂ ਬੀਏ ਪਾਸ ਕੀਤੀ ਸੀ। ਪਿੰਡ ਦੀ ਸਰਪੰਚੀ ਤੋਂ ਸ਼ੁਰੂ ਹੋਈ ਉਹਨਾਂ ਦੀ ਰਾਜਨੀਤਕ ਯਾਤਰਾ ਪੰਜਾਬ ਦੇ ਪੰਜ ਵਾਰ ਮੁਖਮੰਤਰੀ ਰਹਿਣ ਤੱਕ ਚੱਲੀ ਤੇ ਕੱਟੜ ਅਕਾਲੀ ਆਗੂ ਜੱਥੇਦਾਰ ਜਗਦੇਵ ਸਿੰਘ ਖੁੱਡੀਆਂ ਦੇ ਕਾਂਗਰਸੀ ਰਹਿ ਚੁੱਕੇ ਤੇ ਮਗਰੋਂ ਆਮ ਆਦਮੀ ਪਾਰਟੀ ਚ ਗਏ ਸ ਗੁਰਮੀਤ ਸਿੰਘ ਖੁੱਡੀਆਂ ਦੇ ਹੱਥੋਂ ਜੀਵਨ ਦੀ ਆਖ਼ਰੀ ਚੋਣ ਹਾਰ ਗਏ। ਪਿਛਲੇ ਵਰ੍ਹੇ 25 ਅਪ੍ਰੈਲ ਨੂੰ ਸ ਪ੍ਰਕਾਸ਼ ਸਿੰਘ ਬਾਦਲ ਦਾ ਦੇਹਾਂਤ ਹੋ ਗਿਆ ਸੀ।**

ਇਹ ਕਾਲਮ ਨਿਰੋਲ ਕਲਪਨਾ 'ਤੇ ਅਧਾਰਿਤ ਹੈ ਅਤੇ ਇਸ ਦਾ ਕਿਸੇ ਵੀ ਜਿਉਂਦੇ-ਜਾਗਦੇ ਵਿਅਕਤੀ ਨਾਲ ਕੋਈ ਸਿੱਧਾ ਜਾਂ ਅਸਿੱਧਾ ਸੰਬੰਧ ਨਹੀਂ ਹੈ। ਇਸ ਵਿਚਲੇ ਵਿਚਾਰ ਲੇਖਕ ਦੇ ਹਨ ਤੇ ਅਦਾਰਾ 'ਪੰਜਾਬੀ ਅਖ਼ਬਾਰ' ਇਹਨਾਂ ਵਿਚਾਰਾਂ ਦਾ ਵਿਰੋਧ ਜਾਂ ਇਹਨਾਂ ਦੀ ਪ੍ਰੋੜ੍ਹਤਾ ਨਹੀਂ ਕਰਦਾ ਹੈ।

- ਸੰਪਾਦਕ




**ਕਾਕਾ ਰਿਸ਼ੀ ਨਾਗਰ,**
**ਵਾਹਿਗੁਰੂ ਜੀ ਕਾ ਖਾਲਸਾ,**
**ਵਾਹਿਗੁਰੂ ਜੀ ਕੀ ਫ਼ਤਹਿ॥**

ਇਕ ਸਾਲ ਹੋ ਗਿਆ ਮੈਨੂੰ ਇੱਧਰ ਆਏ ਹੋਏ ਨੂੰ, ਸੋਚਿਆ ਤੈਨੂੰ ਯਾਦ ਕਰ ਲਵਾਂ। ਆਪਾਂ ਬੜੀ ਬਾਰ ਚੰਡੀਗੜ੍ਹ ਤੇ ਜਲੰਧਰ ਮਿਲੇ ਪਰ ਮੈਨੂੰ ਹਰ ਵਾਰ ਤੇਰਾ ਨਾਮ ਭੁੱਲ ਜਾਂਦਾ ਸੀ ਪਰ ਤੇਰੇ ਬ੍ਰਾਹਮਣ ਹੋਣ ਦੀ ਗੱਲ ਮੈਨੂੰ ਕਦੀ ਨਹੀਂ ਭੁੱਲਦੀ ਸੀ। ਮੈਂ ਤੈਨੂੰ ਹਰ ਵਾਰ - 'ਆਉ ਪੰਡਿਤ ਜੀ' - ਕਹਿ ਕੇ ਬੁੱਤਾ ਸਾਰ ਲੈਂਦਾ ਸੀ। ਹੇ..ਹੇ! ਤੈਨੂੰ ਲੱਗਦਾ ਹੋਣਾ ਕਿ ਮੈਨੂੰ ਤੇਰਾ ਨਾਮ ਚੇਤਾ ਐ..ਪਰ ਮੈਨੂੰ ਯਾਦ ਨਹੀਂ ਸੀ ਹੁੰਦਾ। ਚੱਲ! ਹੁਣ ਉਹ ਬੀਤੀਆਂ ਗੱਲਾਂ ਨੇ! ਨਵੀਂ ਗੱਲ ਕਰਦੇ ਆਂ।

ਪੰਜਾਬ ਵਿੱਚ ਅੱਜ ਕੱਲ ਲੋਕਸਭਾ ਚੋਣਾਂ ਦੀ ਤਿਆਰੀ ਹੋ ਰਹੀ ਹੈ ਤੇ ਸਾਡੀ ਪਾਰਟੀ ਵੀ ਕਰੇਲੇ ਖੱਖੜੀਆਂ ਹੋਣ ਮਗਰੋਂ ਮੋਮੀ ਲਫਾਫੇ ਚ ਪਾਏ ਮੀਟ ਦੇ ਟੁਕੜਿਆਂ ਵਾਂਗ ਲਾਲੋ ਹੋਈ, ਇਕ ਦੂਜੇ ਦੇ ਨਾਲ ਜ਼ਬਰਦਸਤੀ ਖਹਿ ਰਹੇ ਵੱਖੋ ਵੱਖ ਟੁਕੜਿਆਂ ਵਰਗੀ ਲੱਗ ਰਹੀ ਹੈ। ਸ਼ਾਇਦ ਖਾਣ ਵਾਲੇ ਨੂੰ ਸਵਾਦ ਆ ਹੀ ਜਾਵੇ!

ਕਾਕਾ ਜੀ, ਮੈਡਿਕਲ ਸਾਇੰਸ ਬੜੀ ਓ ਤਰੱਕੀ ਕਰ ਗਈ ਐ ਤੇ ਸਾਇੰਸਦਾਨ ਹੁਣ ਚੰਦ 'ਤੇ ਦੁਨੀਆ ਵਸਾਉਣ ਦੀ ਤਿਆਰੀ ਕਰ ਰਹੇ ਐ ਪਰ ਧਰਤੀ 'ਤੇ ਤਾਂ ਇਹਨਾਂ ਲੋਕਾਂ ਨੂੰ ਰਹਿਣਾ ਸਿਖਾਇਆ ਨਾ ਗਿਆ ਇਹਨਾਂ ਕੋਲੋਂ। ਕਈ ਭਿਅੰਕਰ ਤੇ ਲਾ-ਇਲਾਜ ਬਿਮਾਰੀਆਂ ਦ ਇਲਾਜ ਲੱਭ ਲਿਆ ਗਿਆ ਹੈ ਪਰ ਅਜੇ ਤੱਕ ਕੋਈ ਐਸਾ ਸੁਪਰ ਸਪੈਸ਼ਿਐਲਿਟੀ ਵਾਲਾ ਹਸਪਤਾਲ ਨਹੀ ਬਣਿਆ ਇਹਨਾਂ ਕੋਲੋਂ ਜਿਸ ਵਿੱਚ ਸਿਆਸੀ ਲੋਕਾਂ ਤੇ ਪਾਰਟੀਆਂ ਦਾ ਇਲਾਜ ਕਰ ਸਕਦੇ।

ਮੈਂ ਇੱਧਰ ਪ੍ਰਤਾਪ ਸਿੰਘ ਕੈਰੋਂ, ਹਰਚਰਨ ਸਿੰਘ, ਬੇਅੰਤ ਸਿੰਘ ਕੋਲ ਬੈਠਾ ਦੇਸ਼ ਦੀ ਸਿਆਸਤ ਬਾਰੇ ਗੱਲ ਕਰ ਰਿਹਾ ਸੀ। ਸਾਡੀ ਸਾਰਿਆਂ ਦੀ ਰਾਇ ਸੀ ਕਿ ਜੇ ਕੋਈ ਚੰਗਾ ਹਸਪਤਾਲ ਹੁੰਦਾ ਜਿੱਥੇ ਸਿਆਸੀ ਬਿਮਾਰੀਆਂ ਦਾ ਇਲਾਜ ਕੀਤਾ ਜਾ ਸਕਦਾ ਹੁੰਦਾ ਤਾਂ ਮਰੀਜ਼ਾਂ ਦਾ ਹਾਲ ਕੁਝ ਇਸ ਤਰ੍ਹਾਂ ਦਾ ਹੋਣਾ ਸੀ ਜਿੱਦਾਂ ਦਾ ਮੈਂ ਹੁਣ ਦੱਸਣ ਲੱਗਿਆ ਤੈਨੂੰ।

ਆਹ ਦੇਸ਼ ਦੀ ਦੂਜੀ ਸਭ ਤੋਂ ਪੁਰਾਣੀ ਪਾਰਟੀ ਵਾਲਾ ਗਰੁੱਪ - ਸ਼ਿਰੋਮਣੀ ਅਕਾਲੀ ਦਲ - ਹੁਣ ਦਵਾ ਦਵ ਆਪਣੇ ਖਿੱਲਰੇ ਪੱਤਰੇ ਟੁੱਕੜੇ 'ਕੱਠੇ ਕਰਨ ਲੱਗਿਆ ਹੋਇਆ ਵਾ। ਕਈ ਪੱਤਰੇ ਤਾਂ ਪੱਤਰਾ ਵਾਚ ਗਏ ਨੇ...ਮੇਰਾ ਮਤਲਬ ਇਧਰ ਆ ਗਏ ਨੇ। ਕਈ ਜਣੇ ਤਾਂ ਅਖਬਾਰ ਚੁੱਕੀ ਫਿਰਦੇ ਮੈਨੂੰ ਅੱਖ ਮਾਰ ਕੇ ਲੰਘਦੇ ਐ। ਮੇਰਾ ਮੁੰਡਾ ਵੀ ਨਿਰਾ ਸ਼ਨਿੱਚਰ ਈ ਨਿੱਕਲਿਐ।

ਕਾਕਾ ਰਿਸ਼ੀ, ਮੈਂ ਗੱਲ ਕਰ ਰਿਹਾ ਸੀ ਪਈ ਜੇ ਕੋਈ ਰਾਜਨੀਤਕ ਬਿਮਾਰੀਆਂ ਦਾ ਇਲਾਜ ਕਰਨ ਵਾਲਾ ਹਸਪਤਾਲ ਹੁੰਦਾ ਤਾਂ ਸਾਡੀ ਪਾਰਟੀ ਉਥੇ ਏਡੀਐਚਡੀ ਬਿਮਾਰੀ ਦਾ ਇਲਾਜ ਕਰਵਾਉਣ ਲਈ ਬੈਠੀ ਹੁੰਦੀ। ਏਡੀਐਚਡੀ ਦਾ ਪੂਰਾ ਮਤਲਬ ਹੁੰਦੈ - ਅਕਾਲੀ ਅਟੈਂਸ਼ਨ ਡੈਫਿਸਿਟ ਐਂਡ ਹਾਇਪਰਟੈਂਸ਼ਨ ਡਿਸ-ਔਰਡਰ। ਜਿੰਨੀ ਦੇਰ ਮੈਂ ਇਹਨਾਂ ਦਾ ਲੀਡਰ ਰਿਹਾ, ਇਹਨਾਂ ਦੀ ਮਜਾਲ ਨਹੀਂ ਸੀ ਕਿ ਅਟੈਂਸ਼ਨ ਡੈਫਿਸਿਟ ਹੋਣ ਦਿੰਦੇ। ਮੇਰੇ ਅੱਖਾਂ ਮੀਟਣ ਦੀ ਦੇਰ ਸੀ ਅਟੈਂਸ਼ਨ ਡੈਫਿਸਿਟ ਹੋ ਗਈ। ਕੰਧਾਂ 'ਚ ਵੱਜਦੇ ਫਿਰਦੇ ਐ...! ਇਹਨਾਂ ਦਾ ਇਲਾਜ ਜਿੰਨੀ ਛੇਤੀ ਹੋ ਜਏ ਚੰਗਾ ਨਹੀਂ ਤਾਂ ਅਟੈਂਸ਼ਨ ਡੈਫਿਸਿਟ ਦਾ ਰੋਣ ਰੋ ਕੇ ਲੋਕਸਭਾ ਚੋਣਾਂ ਮਗਰੋਂ ਇਹਨਾਂ ਨੇ ਫੇਰ ਖਿੱਲਰ ਜਾਣਾ।

ਮੈਂ ਇਹਨਾਂ ਨੂੰ ਬੜਾ ਕਿਹਾ ਪਈ ਛੋਟੇ ਭਾਈ ਨੂੰ ਮਨਾ ਲਉ ਤੇ ਉਹਨੂੰ ਵੱਡਾ ਭਾਈ ਕਹਿ ਕੇ ਘਰ ਦੀ ਕੰਧ ਘਰ ਚ ਈ ਸੁੱਟ ਲਉ...ਪਰ ਕਿਥੇ ਸੁਣਦੇ ਇਹ! ਭੈਣ ਜੀ ਕੋਲ ਜਾ ਵੜੇ...ਭੈਣ ਜੀ ਕੋਲ ਛਿੱਕੂ ਰਹਿ ਗਿਆ ਹੁਣ..ਉਹ ਤਾਂ ਆਪ ਆਪਣੇ ਗੋਡਿਆਂ ਦਾ ਇਲਾਜ ਕਰਵਾਉਣ ਲਈ ਮੋਦੀ ਹਸਪਤਾਲ ਵਿੱਚ ਦਾਖਲ ਹੋਈ ਪਈ ਐ। ਜਿਹੜੀ ਆਪ ਬਿਮਾਰ ਐ ਤੇ ਫਹੁੜੀਆਂ ਲੈ ਕੇ ਚੱਲਦੀ ਐ ਮੇਰਾ ਕਾਕਾ ਉਹਦੀ ਘਨੇੜੀ ਚੜ੍ਹ ਬੈਠਾ। ਉਹ ਇਹਨੂੰ ਕਿਥੇ ਲੈ ਜਾਂਦੀ...ਚੰਡੀਗੜ੍ਹੋਂ ਨਿੱਕਲੇ ਤੇ ਮੁਹਾਲੀ ਜਾ ਕੇ ਡਿੱਗ ਪਏ ਦੋਵੇਂ ਜਣੇ ਮੂਧੇ ਮੂੰਹ। ਬੜੇ ਸਿਆਸੀ ਬਣੀ ਫਿਰਦੇ ਐ। ਅਟੈਂਸ਼ਨ ਡੈਫਿਸਿਟ ਈ ਲੱਗਦੈ ਮੈਨੂੰ ਤਾਂ, ਤੈਨੂੰ ਨਹੀਂ ਲੱਗਦਾ, ਭਲਾ? ਜਿਹਨੂੰ ਟਿਕਟ ਨਾ ਦਿਉ, ਉਹਨੂੰ ਏਡੀਐਚਡੀ ਹੋ ਜਾਂਦੀ..ਢੀਂਡਸੇ, ਬੀਬੀ ਸਾਰੇ ਈ ਇਸੇ ਬਿਮਾਰੀ ਨਾਲ ਜੂਝ ਰਹੇ ਨੇ।

ਆਮ ਆਦਮੀ ਪਾਰਟੀ ਇਸ ਵੇਲੇ ਐਟਿਕਿਫੋਬੀਆ ਨਾਲ ਜੂਝ ਰਹੀ ਲੱਗਦੀ ਮੈਨੂੰ। Atychiphobia ਨਾਮ ਦੀ ਇਹ ਬਿਮਾਰੀ ਦਾ ਮਤਲਬ ਐ ਫੇਲ ਹੋ ਜਾਣ ਦਾ ਡਰ। ਜਿਹੜਾ ਬੰਦਾ ਫੇਲ ਹੋ ਜਾਣ ਦੇ ਡਰ ਤੋਂ ਘਾਬਰੀ ਜਾਵੇ ਤੇ ਕੱਖ ਨਾ ਕਰੇ ਜਾਂ ਐਵੇਂ ਈ ਕਮਲਿਆਂ ਵਾਂਗ ਇਧਰ ਉੱਧਰ ਕੰਧਾਂ ਚ ਵੱਜਦਾ ਫਿਰੇ...ਉਹਨੂੰ ਹੁੰਦੀ ਐ ਇਹ ਬਿਮਾਰੀ- ਐਟਿਕਿਫੋਬੀਆ। ਇਸ ਬਿਮਾਰੀ ਦੇ ਮਰੀਜ਼ ਨੂੰ ਲੱਗਦਾ ਹੁੰਦੈ ਕਿ ਸਾਰੇ ਜਣੇ ਉਹਦੇ ਖਿਲਾਫ਼ ਈ ਸਾਜ਼ਿਸ਼ ਰਚੀ ਜਾਂਦੇ ਐ ਤੇ ਖ਼ਤਰਾ ਉਹਦੇ ਮੂਹਰੇ ਨੱਚੀ ਜਾਂਦੈ। ਬੀਜੇਪੀ ਵਾਲੇ ਕਹਿਣ ਲੱਗ ਪਏ ਨੇ ਆਮ ਆਦਮੀ ਪਾਰਟੀ ਤਾਂ ਹੁਣ ਕਾਂਗਰਸ ਤੋਂ ਵੀ ਵੱਧ ਭ੍ਰਿਸ਼ਟ ਹੋ ਗਈ ਹੈ ਤੇ ਉਹਦੇ ਕਈ ਆਗੂ, ਸਣੇ ਮੁੱਖ ਮੰਤਰੀ, ਉੱਪ ਮੁਖ ਮੰਤਰੀ...ਅੰਦਰ ਕੀਤੇ ਹੋਏ ਨੇ..ਆਪ ਨੂੰ ਐਟਿਕਿਫੋਬੀਆ ਹੋ ਗਿਐ। ਚੱਢਾ ਸਾਹਬ ਵਲੈਤ ਭੱਜ ਗਏ ਨੇ, ਸੀਚੇਵਾਲ ਕਹਿੰਦਾ ਆਪਾਂ ਤਾਂ ਰਾਜਨੀਤੀ ਕਰਨੀ ਈ ਨਹੀਂ...ਰਾਜਸਭਾ ਚੋਂ ਬਤਾਊਂ ਲੈਣ ਗਿਆ ਫੇ...ਦੇ ਅਸਤੀਫਾ ਤੇ ਵੇਈਂ ਕਰ ਸਾਫ਼...ਨਾਲੇ ਇਹ ਝੂਟੇ ਮਾਟੇ ਲਈ ਜਾਂਦੇ ਐ ਰੇਲਾਂ ਤੇ ਜਹਾਜ਼ਾਂ ਦੇ...ਨਾਲੇ ਤਨਖਾਹ ਵਾਲੇ ਨੋਟ ਤੁੰਨੀ ਜਾਂਦੇ ਐ ਜੇਬਾਂ ਚ ਨਾਲੇ ਚੀਕਾਂ ਮਾਰੀ ਜਾਂਦੇ ਐ ਪਈ ਸਾਨੂੰ ਤਾਂ ਰਾਜਨੀਤੀ ਆਉਂਦੀ ਓ ਨਹੀਂ। ਹਲਵਾਈਆਂ ਦਾ ਮੁੰਡਾ ਬਣਾਇਆ ਸੀ ਰਾਜਸਭਾ ਦਾ ਮੈਂਬਰ, ਉਹ ਤਾਂ ਕੰਨ ਚ ਪਾਇਆਂ ਨਹੀਂ ਰੜਕੀਦਾ। ਕ੍ਰਿਕੇਟ ਵਾਲਾ ਭਜਨਾ ਵੀ ਨਹੀਨ ਰੜਕਦਾ ਕਿਤੇ...ਇਹ ਸਾਰੇ ਡਰੇ ਬੈਠੇ ਐ ਐਟਿਕਿਫੋਬੀਆ...ਫੇਲ ਹੋ ਜਾਣ ਦਾ ਡਰ ਨਾਮੀ ਬਿਮਾਰੀ ਤੋਂ ਪੀੜਤ ਨੇ ਸਾਰੇ।

ਕਾਂਗਰਸ ਦਾ ਹਾਲ ਵੀ ਸੁਣ ਲੈ ਕਾਕਾ। ਡੂਢ ਸੌ ਸਾਲ ਦੀ ਹੋਣ ਲੱਗੀ ਐ ਇਹ ਪਾਰਟੀ। ਇਹਨੂੰ ਰਡਰਲੈੱਸ ਡ੍ਰਿਫਟ ਸਿੰਡਰੋਮ ਨਾਮ ਦੀ ਬਿਮਾਰੀ ਹੋ ਗਈ ਐ। ਜਿੱਦਾਂ ਕੋਈ ਕਿਸ਼ਤੀ ਵੱਡੇ ਖੁੱਲ੍ਹੇ ਪਾਣੀ ਵਿੱਚ ਬਿਨਾ ਕੰਟਰੋਲ ਤੋਂ ਡੱਕੇ ਡੌਲੇ ਖਾਦੀ ਫਿਰਦੀ ਹੋਵੇ। ਜਾਂ ਇਹਨੂੰ ਨਵਾਂ ਨਾਮ ਵੀ ਦਿੱਤਾ ਜਾ ਸਕਦੈ। ਓਪਨ ਕਾਉ ਇਨ ਏ ਫੇਅਰ ਸਿੰਡਰੋਮ। ਮੇਲੇ ਵਿੱਚ ਘੁੰਮਦੀ ਖੁੱਲੀ ਗਾਂ ਵਰਗੀ ਹਾਲਤ ਹੋਈ ਫਿਰਦੀ ਐ ਕਾਂਗਰਸ ਦੀ। ਕਾਂਗਰਸ ਦੀ ਭੂਤਰੀ ਗਾਂ ਦੀ ਲਗਾਮ ਫੜਾਈ ਹੋਈ ਐ ਬਾਬਾ ਜੀ ਦੇ ਹੱਥ। ਖੜਗੇ ਜੀ 1942 ਦੇ ਜੰਮੇ ਹੋਏ ਐ ਤੇ ਹੁਣ ਹੋ ਗਏ 82 ਸਾਲਾਂ ਦੇ। ਰਾਹੁਲ ਨੂੰ ਰਾਜੀਵ, ਰਾਜੀਵ ਨੂੰ ਨਹਿਰੂ, ਮੋਦੀ ਨੂੰ ਰਾਵਣ ਦੱਸਣ ਲੱਗ ਪੈਂਦੇ ਐ ਬੋਲਦੇ ਬੋਲਦੇ। ਦੱਸੋ, ਤੁਹਾਨੂੰ ਕੋਈ ਪੁੱਛੇ..ਅਗਲਾ ਤਾਂ ਹਨੇਰੀ ਵਗਾਉਂਦਾ ਆ ਰਿਹੈ ਤੇ ਤੁਸੀਂ 82 ਸਾਲਾ ਦੇ ਬਾਬਾ ਜੀ ਨੂੰ ਮੂਹਰੇ ਲਾ'ਤਾ। ਉਹ ਮੇਲੇ ਚ ਫਿਰਦੀ ਗਾਂ ਵਾਂਗ ਕਦੀ ਇਧਰ, ਕਦੀ ਉੱਧਰ...ਕੰਧਾਂ ਚ ਵੱਜਦੇ ਫਿਰਦੇ ਐ। ਰਾਹੁਲ ਹੁਰੀਂ ਕਦੀ ਨਿਆਂ ਯਾਤਰਾ ਕਰ ਲੈਂਦੇ ਐ ਕਦੀ ਭਾਰਤ ਜੋੜੋ ਯਾਤਰਾ...ਤੂੰ ਐਲਫੀ ਚੁੱਕੀ ਫਿਰਦੈਂ ਤੇ ਤੁਹਾਡੀ ਗਾਂ ਮੇਲੇ ਚ ਫਿਰੀ ਜਾਂਦੀ ਐ...ਇਹ ਵੀ ਹਸਪਤਾਲ ਚ ਬੈਠੇ ਨਜ਼ਰ ਆਉਣੇ ਸੀ।

ਯੂਪੀ ਆਲੀ ਸਮਾਜਵਾਦੀ ਪਾਰਟੀ ਨੂੰ ਬਾਇਪੋਲਰ ਡਿਸੌਅਰਡਰ ਹੋਇਐ ਵਾ। ਇਹੀ ਹਾਲ ਬਿਹਾਰ ਆਲੀਆਂ ਪਾਰਟੀਆਂ ਦਾ। ਹਰ ਪੰਜਵੇਂ ਦਿਨ ਕੈਂਡੀਡੇਟ ਬਦਲ ਦਿੰਦੇ ਐ। ਜਿਹਨੂੰ ਹਟਾਉਂਦੇ ਐ, ਉਹ ਬਾਗੀ ਹੋ ਜਾਂਦੈ। ਜਿਹੜਾ ਪਹਿਲਾਂ ਰਹਿ ਗਿਆ ਹੁੰਦੈ, ਉਹ ਪਹਿਲਾਂ ਬਗਾਵਤੀ ਝੰਡਾ ਚੁੱਕ ਲੈਂਦੈ...ਨੀਤੀਸ਼ ਕੁਮਾਰ ਤੇ ਲਾਲੂ ਪ੍ਰਸਾਦ ਦੀ ਲਵਾਈ ਵੀ ਬਾਇਪੋਲਰ ਡਿਸਔਰਡਰ ਦਾ ਹੀ ਨਤੀਜੈ। ਲਾਲੂ ਦਾ ਆਪਣਾ ਮੁੰਡਾ ਨੌਵੀਂ ਪਾਸ ਐ...ਕਹਿੰਦੈ ਕਾਲਜ-ਯੂਨਿਵਰਸਿਟੀਆਂ ਖੋਲ ਦਿਆਂਗੇ...ਇਹਨੂੰ ਪੁੱਛੇ ਨੌਵੀਂ ਪਾਸ ਨੂੰ ਕਿਹੜੀ ਯੂਨਿਵਰਸਿਟੀ ਕਿਹੜੇ ਕੋਰਸ ਵਿੱਚ ਲੈ ਲਊ..?

ਕਾਕਾ ਰਿਸ਼ੀ...ਹਸਪਤਾਲ ਤਾਂ ਭਰਿਆ ਪਿਆ ਹੋਣਾ ਸੀ। ਭਾਜਪਾ ਨਾਲ ਸਾਡੇ ਆਲਿਆਂ ਨੂੰ ਚਾਹੀਦਾ ਸੀ ਪਈ ਗੰਢ ਤੁੱਪ ਕਰ ਲੈਂਦੇ। ਇਸ ਵਾਰੀ ਘਾਟਾ ਖਾ ਲੈਂਦੇ...ਚੋਣਾਂ ਮਗਰੋਂ ਦੇਖੀ ਜਾਂਦੀ। ਨਾਲੇ ਮੇਰੀ ਨੂੰਹ ਤਾਂ ਮੰਤਰੀ ਬਣ ਹੀ ਜਾਣੀ ਸੀ। ਹੁਣ ਐਮਪੀ ਓ ਬਣ ਜੇ..ਬੜੀ ਗੱਲ ਐ।

ਮੈਡ ਡੌਂਕੀ ਸਿੰਡਰੋਮ..ਪਾਗਲ ਖੋਤੇ ਵਰਗੀ ਬਿਮਾਰੀ ਨਾਲ ਜੂਝ ਰਹੇ ਐ ਪੰਜਾਬੀ ਸਿਆਸੀ ਲੋਕ। ਬਿੱਨਾ ਗੱਲ ਤੋਂ ਦੁਲੱਤੀਆਂ ਝਾੜੀ ਜਾਂਦੇ ਐ। ਦੋ ਤਿੰਨ ਜਣਿਆਂ ਨੇ ਤਾਂ ਕੰਧ ਵਿੱਚ ਹੀ ਦੁੱਲਤੀ ਮਾਰਤੀ...ਖੋਤਿਆਂ ਨੇ ਆਪਣੇ ਗਿੱਟੇ ਤੁੜਵਾ ਲਏ ਨੇ ਤੇ ਹੁਣ ਬੈਠੇ ਗਰਮ ਇੱਟ ਦਾ ਸੇਕ ਦੇ ਰਹੇ ਐ।


ਖੈਰ ਕਾਕਾ...ਹੁਣ ਮੇਰੇ ਕੋਲ ਕੈਰੋਂ ਸਾਹਬ ਆ ਗਏ ਨੇ...ਅਸੀਂ ਚੱਲੇ ਆਂ ਤਾਸ਼ ਦੀ ਬਾਜ਼ੀ ਲਾਉਣ। ਨਿਗਾ ਰੱਖੀ, ਮੇਰਾ ਪੁੱਤ ਚੋਣਾਂ 'ਤੇ। ਮੈਂ ਤੈਨੂੰ ਚੋਣਾਂ ਮਗਰੋਂ ਚਿੱਠੀ ਲਿਖੂ ਵਿਸਥਾਰ ਵਿੱਚ! ਫੇ ਦੱਸੂੰਗਾ ਕੀ ਵਾਪਰਿਆ ਉਥੇ।

ਚੰਗਾ ਜੀ ਪੰਡਿਤ ਜੀ!
ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫਤਹਿ।

ਤੇਰਾ
ਪ੍ਰਕਾਸ਼ ਸਿੰਘ ਬਾਦਲ



# ਜਸਟਿਨ ਟਰੂਡੋ ਨੇ ਕੈਪੀਟਲ ਗੇਨ ਟੈਕਸ ਵਿਚ ਪ੍ਰਸਤਾਵਿਤ ਤਬਦੀਲੀਆਂ ਤੇ ਮੁੜ ਵਿਚਾਰ ਕਰਨ ਦੀ ਅਪੀਲ ਨੂੰ ਖਾਰਜ ਕਰ ਦਿੱਤਾ ਹੈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਨੇਡੀਅਨ ਮੈਡੀਕਲ ਐਸੋਸੀਏਸ਼ਨ ਦੁਆਰਾ ਕਨੇਡਾ ਦੀ ਫੈਡਰਲ ਸਰਕਾਰ ਨੂੰ ਕੈਪੀਟਲ ਗੇਨ ਟੈਕਸ ਵਿੱਚ ਪ੍ਰਸਤਾਵਿਤ ਤਬਦੀਲੀਆਂ ਤੇ ਮੁੜ ਵਿੱਚਾਰ ਕਰਨ ਦੀ ਅਪੀਲ ਨੂੰ ਖਾਰਜ ਕਰ ਦਿੱਤਾ ਹੈ। ਡਾਕਟਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਟੈਕਸ ਕੈਨੇਡਾ ਵਿੱਚ ਡਾਕਟਰਾਂ ਦੀ ਭਰਤੀ ਅਤੇ ਬਰਕਰਾਰ ਰੱਖਣ ਦੀਆਂ ਕੋਸ਼ਿਸ਼ਾਂ ਨੂੰ ਕਮਜ਼ੋਰ ਕਰ ਸਕਦੀ ਹੈ ਅਤੇ ਸਿਹਤ ਸੰਭਾਲ ਪ੍ਰਣਾਲੀ ਦੀ ਸਥਿਰਤਾ ਨੂੰ ਖਤਰਾ ਬਣਾ ਸਕਦੀ ਹੈ। ਐਸੋਸੀਏਸ਼ਨ ਦੀ ਪ੍ਰਧਾਨ ਦਾ ਕਹਿਣਾ ਹੈ ਕਿ ਬਹੁਤ ਸਾਰੇ ਡਾਕਟਰ ਕਾਰਪੋਰੇਸ਼ਨਾਂ ਤੇ ਕੰਮ ਕਰਦੇ ਹਨ ਅਤੇ ਆਪਣੀਆਂ ਕਾਰਪੋਰੇਸ਼ਨਾਂ ਦੇ ਅੰਦਰ ਰਿਟਾਇਰਮੈਂਟ ਹੀ ਨਿਵੇਸ਼ ਕਰਦੇ ਹਨ। ਦੱਸਣ ਯੋਗ ਹੈ ਕਿ ਕਨੇਡਾ ਨੂੰ ਡਾਕਟਰਾਂ ਦੀ ਭਾਰੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅੰਦਾਜ਼ਨ ਸਾਢੇ ਛੇ ਮਿਲੀਅਨ ਕਨੇਡੀਅਨ ਕੋਲ ਪ੍ਰਾਈਮਰੀ ਕੇਅਰ ਤੱਕ ਪਹੁੰਚ ਨਹੀਂ ਹੈ ਕਿਉਂਕਿ ਪਰਿਵਾਰਿਕ ਡਾਕਟਰ ਸਮੂਹਿਕ ਤੌਰ ਤੇ ਸੇਵਾ ਮੁਕਤ ਹੋ ਰਹੇ ਹਨ। ਸੈਸਕਾਟੋਨ ਵਿੱਚ ਬੋਲਦਿਆਂ ਟਰੂਡੋ ਨੇ ਕਿਹਾ ਕਿ ਫੈਡਰਲ ਬਜਟ ਵਿੱਚ ਪੇਸ਼ ਕੀਤੇ ਗਏ ਟੈਕਸ ਵਿੱਚ ਵਾਧਾ ਸਿਰਫ ਸਭ ਤੋਂ ਅਮੀਰ ਲੋਕਾਂ ਨੂੰ ਥੋੜਾ ਹੋਰ ਭੁਗਤਾਨ ਕਰਨ ਲਈ ਕਹਿੰਦਾ ਹੈ। ਪਿਛਲੇ ਹਫਤੇ ਪੇਸ ਕੀਤੇ ਗਏ ਫੈਡਰਲ ਬਜਟ ਵਿੱਚ ਪੂੰਜੀ ਲਾਭ ਦੇ ਅੱਧੇ ਹਿੱਸੇ ਦਾ ਜਾਂ ਜਾਇਦਾਦ ਦੀ ਵਿਕਰੀ ਤੇ ਹੋਈ ਮੁਨਾਫੇ ਦੀ ਬਜਾਏ ਦੋ ਤਿਹਾਈ ਟੈਕਸ ਲਾਉਣ ਦੇ ਪ੍ਰਸਤਾਵ ਸ਼ਾਮਿਲ ਹਨ। ਇਹ ਵਾਧਾ ਵਿਅਕਤੀਆਂ ਲਈ ਢਾਈ ਲੱਖ ਤੋਂ ਵੱਧ ਦੇ ਪੂੰਜੀ ਲਾਭਾਂ ਤੇ ਕਾਰਪੋਰੇਸ਼ਨਾਂ ਦੁਆਰਾ ਪ੍ਰਾਪਤ ਕੀਤੇ ਗਏ ਸਾਰੇ ਪੂੰਜੀ ਲਾਭਾਂ ਉੱਤੇ ਲਾਗੂ ਹੋਵੇਗਾ।

## ਐਡਮਿੰਟਨ ਵਿਖੇ ਖ਼ਾਲਸੇ ਦੇ ਸਾਜਨਾ ਦਿਵਸ

### ਵਿਸਾਖੀ ਨੂੰ ਸਮਰਪਿਤ 24ਵਾਂ ਮਹਾਨ ਨਗਰ ਕੀਰਤਨ

### 19 ਮਈ, 2024, ਐਤਵਾਰ, ਵਿਕਟੋਰੀਆ ਡੇ ਲੌਂਗ ਵੀਕਇੰਡ ਨੂੰ

**ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ**

ਗੁਰੂ ਪਿਆਰੀ ਸਾਧ ਸੰਗਤ ਜੀਓ, ਪਿਛਲੇ ਸਾਲਾਂ ਦੀ ਤਰਾਂ ਐਡਮਿੰਟਨ ਦੀਆਂ ਸਮੂਹ ਸੰਗਤਾਂ ਵਲੋਂ ਖਾਲਸੇ ਦੇ ਸਿਰਜਨਾ ਦਿਵਸ ਨੂੰ ਸਮਰਪਿਤ ਵਿਸਾਖੀ ਨਗਰ ਕੀਰਤਨ ਦਾ ਪ੍ਰਬੰਧ 19 ਮਈ, 2024 ਦਿਨ ਐਤਵਾਰ (ਵਿਕਟੋਰੀਆ ਡੇ ਲੌਂਗ ਵੀਕਇੰਡ) ਨੂੰ ਕੀਤਾ ਗਿਆ ਹੈ।

ਪੰਜ ਪਿਆਰਿਆਂ ਅਤੇ ਧੰਨੁ ਧੰਨੁ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਹੇਠ ਨਗਰ ਕੀਰਤਨ ਠੀਕ 12:00 ਵਜੇ ਬਾਅਦ ਦੁਪਹਿਰ ਅਰਦਾਸ ਕਰਨ ਉਪਰੰਤ ਗੁਰਦਵਾਰਾ ਮਿੱਲਵੁਡਜ਼ ਤੋਂ ਅਰੰਭ ਹੋਵੇਗਾ ਅਤੇ 1:40 ਵਜੇ ਪੋਲਾਰਡ ਮੈਡੋਜ਼ ਪਾਰਕ (ਟੀ ਡੀ ਬੇਕਰ ਸਕੂਲ ਦੇ ਉਤਰ ਵਿੱਚ) ਪੁਜੇਗਾ। ਇਥੇ ਪਹੁੰਚਣ ਤੇ ਦੋ ਘੰਟੇ ਲਈ ਸਟੇਜ ਸੱਜੇਗੀ ਜਿਸ ਵਿਚ ਰਾਗੀ ਜੱਥੇ ਅਤੇ ਹੋਰ ਬੁਲਾਰੇ ਗੁਰੂ ਜੱਸ, ਇਤਿਹਾਸ ਸਰਵਣ ਕਰਵਾਉਣਗੇ ਅਤੇ ਆਪਣੀਆਂ ਸ਼ੁਭ ਇੱਛਾਵਾਂ ਸੰਗਤਾਂ ਨਾਲ ਸਾਂਝੀਆਂ ਕਰਨਗੇ। ਪੋਲਾਰਡ ਮੈਡੋਜ਼ ਪਾਰਕ ਤੋਂ ਨਗਰ ਕੀਰਤਨ 3:40 ਵਜੇ ਫਿਰ ਚਾਲੇ ਪਾਕੇ 4:50 ਵਜੇ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਪਹੁੰਚੇਗਾ ।







**ਗੁਰਦਵਾਰਾ ਮਿਲਵੁਡਜ਼, ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਅਤੇ ਪੋਲਾਰਡ ਮੈਡੋਜ਼ ਪਾਰਕ ਵਿਖੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।**

### ਧਿਆਨ ਰੱਖਣਯੋਗ – ਜ਼ਰੂਰੀ ਗੱਲਾਂ

- ਨਗਰ ਕੀਰਤਨ ਠੀਕ 12:00 ਵਜੇ ਅਰਦਾਸ ਕਰਨ ਦੁਪਹਿਰ ਚਾਲੇ ਪਾਵੇਗਾ।ਆਪ ਸਭ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਸੰਗਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਿੱਛੇ ਪਿੱਛੇ ਚਲਣ, ਅੱਗੇ ਜਾਂ ਬਰਾਬਰ ਚਲਣ ਦੀ ਕੋਸ਼ਿਸ ਨਾ ਕਰਨਾ ਜੀ।
- ਆਪ ਸਭ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਉਸ ਦਿਨ ਆਪਣੇ ਪਰਿਵਾਰਾਂ, ਰਿਸ਼ਤੇਦਾਰਾਂ, ਦੋਸਤਾਂ ਮਿਤਰਾਂ ਨੂੰ ਨਾਲ ਲੈ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਕੇ ਨਗਰ ਕੀਰਤਨ ਦੀ ਰੌਣਕ ਨੂੰ ਵਧਾਓ ਅਤੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।
- ਆਪ ਸਭ ਸੰਗਤਾਂ ਨੂੰ ਇਹ ਬੇਨਤੀ ਵੀ ਹੈ ਕਿ ਉਸ ਦਿਨ ਵੀਰ ਆਪਣੇ ਸਿਰਾਂ ਤੇ ਕੇਸਰੀ ਰੰਗ ਦੀਆਂ ਦਸਤਾਰਾਂ ਅਤੇ ਬੀਬੀਆਂ ਆਪਣੇ ਸਿਰਾਂ ਤੇ ਕੇਸਰੀ ਰੰਗ ਦੇ ਦੁਪੱਟੇ ਸਜਾਕੇ ਨਗਰ ਕੀਰਤਨ ਵਿਚ ਸ਼ਾਮਲ ਹੋਣ।
- ਨਗਰ ਕੀਰਤਨ ਦੇ ਰਸਤੇ ਜਾਂ ਜਿਥੇ ਕਾਰਾਂ ਪਾਰਕ ਕਰਨੀਆਂ ਮਨ੍ਹਾਂ ਹਨ, ਉਥੇ ਕਾਰਾਂ ਬਿਲਕੁਲ ਖੜ੍ਹੀਆਂ ਨਹੀਂ ਕਰਨੀਆਂ। ਨਹੀਂ ਤਾਂ ਕਾਰਾਂ ਉਥੋਂ ਟੋਅ ਕੀਤੀਆਂ ਜਾ ਸਕਦੀਆਂ ਹਨ। ਟਰੈਫਿਕ ਨਿਯਮਾਂ ਦੀ ਉਲੰਘਣਾਂ ਲਈ ਟਿਕਟ ਵੀ ਮਿਲ ਸਕਦੀ ਹੈ। ਪੁਲੀਸ ਵਲੋਂ ਇਸ ਬਾਰੇ ਸਖਤ ਹਦਾਇਤਾਂ ਹਨ। ਗੁਰਦੁਆਰਿਆਂ ਵਿੱਚ ਵੀ ਪਾਰਕਿੰਗ ਦੀ ਮਨਾਹੀ ਹੈ।
- ਪਾਰਕ ਐਂਡ ਰਾਈਡ: 2704-17 ਸਟਰੀਟ ਸਥਿਤ ਮੈਡੋਜ਼ ਰੀਕਰੇਸ਼ਨਲ ਸੈਂਟਰ ਦੇ ਪਿਛਲੇ ਪਾਸੇ ਉਨਾਂ ਦੇ ਲਾਟ **H** ਅਤੇ 2707 ਮਿਲਵੁਡਜ਼ ਰੋਡ ਸਥਿਤ ਜੇ ਪਰਸੀ ਪੇਜ ਸਕੂਲ ਵਿੱਚ ਕਾਰਾਂ ਪਾਰਕ ਕੀਤੀਆਂ ਜਾ ਸਕਦੀਆਂ ਹਨ, ਉਥੋਂ ਸੰਗਤਾਂ ਨੂੰ ਨਗਰ ਕੀਰਤਨ ਤੱਕ ਅਤੇ ਵਾਪਸ ਮੈਡੋਜ਼ ਰੀਕਰੇਸ਼ਨਲ ਸੈਂਟਰ ਪਾਰਕਿੰਗ ਲਾਟ ਤੱਕ ਰਾਈਡ ਦਿੱਤੀ ਜਾਵੇਗੀ।
- ਨਗਰ ਕੀਰਤਨ ਦੇ ਰਸਤੇ ਵਿਚ ਲੋਕਾਂ ਦੀਆਂ ਜਾਇਦਾਦਾਂ ਦਾ ਖਿਆਲ ਰੱਖਣਾ ਹੈ। ਘਾਹ ਵਗੈਰਾ ਉੱਪਰ ਬਿਲਕੁਲ ਨਹੀਂ ਚਲਣਾ ਜੀ।
- ਆਪਦੀ ਸਹੂਲਤ ਲਈ ਨਗਰ ਕੀਰਤਨ ਵਾਲੇ ਦਿਨ ਦੋਨਾਂ ਗੁਰਦਵਾਰਿਆਂ ਦੀਆਂ ਪਾਰਕਿੰਗ ਲਾਟਾਂ ਵਿਚ ਅਤੇ **ਰਸਤੇ ਵਿਚ** ਟੀ ਡੀ ਬੇਕਰ ਅਤੇ ਪੋਲਾਰਡ ਮੈਡੋਜ਼ ਸਕੂਲਾਂ ਕੋਲ ਵਾਸ਼ਰੂਮ ਰੱਖੇ ਜਾ ਰਹੇ ਹਨ। ਲੋੜ ਪੈਣ ਤੇ ਇਨਾਂ ਵਾਸ਼ਰੂਮਾਂ ਦੀ ਵਰਤੋਂ ਕਰੋ ਜੀ। ਨਗਰ ਕੀਰਤਨ ਦੇ ਰਸਤੇ ਵਿਚ ਆਉਂਦੇ ਘਰਾਂ ਅਤੇ ਵਪਾਰਕ ਅਦਾਰਿਆਂ ਦੇ ਵਾਸ਼ਰੂਮ ਨਾ ਵਰਤੋਂ ਜੀ।
- ਸਫਾਈ ਦਾ ਵੱਧ ਤੋਂ ਵੱਧ ਖਿਆਲ ਰੱਖਣਾ ਜੀ। ਨਗਰ ਕੀਰਤਨ ਦੇ ਰਸਤੇ ਅਤੇ ਗੁਰਦਵਾਰਿਆਂ ਵਿਚ ਹੇਠਾਂ ਪਿਆ ਗਾਰਬੇਜ ਚੁੱਕ ਕੇ ਬੈਗ ਵਿਚ ਪਾਕੇ ਨਿਯਤ ਕੀਤੇ ਡਬਿਆਂ ਵਿਚ ਸੁੱਟ ਕੇ ਪ੍ਰਬੰਧਕਾਂ ਦੀ ਮਦਦ ਕਰੋ ਜੀ। ਰਸਤੇ ਵਿਚ ਜੋ ਸੰਗਤਾਂ ਲਈ ਚਾਹ ਪਾਣੀ ਵਰਤਾਉਂਦੀਆਂ ਹਨ ਉਨਾਂ ਅੱਗੇ ਬੇਨਤੀ ਹੈ ਕਿ ਸਫਾਈ ਦਾ ਖਾਸ ਖਿਆਲ ਰੱਖਿਆ ਜਾਵੇ।
- ਆਪਣੀ ਅਤੇ ਆਪਣੇ ਬਚਿਆਂ ਦੀ ਸੁੱਰਖਿਆ ਦਾ ਖਾਸ ਖਿਆਲ ਰੱਖਣਾ ਹੈ। ਆਪਣੇ ਬੱਚਿਆਂ ਦੇ ਖੁੱਦ ਜ਼ੁੰਮੇਵਾਰ ਹੋ ਅਤੇ ਉਨਾਂ ਨੂੰ ਸੰਭਾਲ ਕੇ ਰੱਖੋ ਜੀ। ਨਗਰ ਕੀਰਤਨ ਦੇ ਰਸਤੇ ਵਿਚ ਅਤੇ ਗੁਰਦੁਆਰਿਆਂ ਵਿਚ ਲਗੇ ਸਟਾਲਾਂ ਤੋਂ ਖਾਣਾ ਆਪਣੀ ਜ਼ੁੰਮੇਵਾਰੀ ਤੇ ਲੈਕੇ ਖਾਣਾ ਹੈ। ਬੱਚਿਆਂ ਦੀਆਂ ਜੇਬਾਂ ਵਿਚ ਮਾ-ਬਾਪ ਆਪਣੇ ਨਾਮ ਅਤੇ ਫੋਨ ਨੰਬਰ ਪਾਉਣ ਦੀ ਬੇਨਤੀ ਹੈ ਜੀ।
- ਨਗਰ ਕੀਰਤਨ ਦੌਰਾਨ ਬਿਨਾਂ ਇਜਾਜ਼ਤ ਵੰਡੇ ਜਾਣ ਵਾਲੇ ਇਸ਼ਤਿਹਾਰ ਜਾਂ ਪੱਤਰਾਂ ਦੀ ਵਿਸਾਖੀ ਨਗਰ ਕੀਰਤਨ ਕਮੇਟੀ ਦੀ ਕੋਈ ਜ਼ੁੰਮੇਵਾਰੀ ਨਹੀਂ ਹੈ।
- ਆਪਣੇ ਆਲੇ-ਦੁਆਲੇ ਦੀ ਸੁਰੱਖਿਆ ਲਈ ਸੁਚੇਤ ਰਹੋ । ਜੇ ਕੋਈ ਸ਼ੱਕੀ ਚੀਜ਼ ਦਿਸੇ, ਤਾਂ ਉਸ ਨੂੰ ਹੱਥ ਨਾਂਹ ਲਾਓ, ਸਗੋਂ ਪੁਲੀਸ ਨੂੰ ਰੀਪੋਰਟ ਕਰੋ।
- ਅਸੀਂ ਉਨਾਂ ਸਾਰੇ ਪਰਿਵਾਰਾਂ ਅਤੇ ਵਿਪਾਰੀਆਂ ਦੇ ਬਹੁਤ ਧੰਨਵਾਦੀ ਹਾਂ ਜੋ ਨਗਰ ਕੀਰਤਨ ਦੌਰਾਨ ਸਟਾਲ ਲਾਕੇ ਸੰਗਤਾਂ ਲਈ ਚਾਹ ਪਾਣੀ ਆਦਿ ਦੀ ਸੇਵਾ ਕਰਦੇ ਹਨ। ਜੇਕਰ ਤੁਸੀ ਗੁਰਦਵਾਰਿਆਂ ਵਿਚ ਜਾਂ ਨਗਰ ਕੀਰਤਨ ਦੇ ਰਸਤੇ ਵਿੱਚ ਭੋਜਨ ਮੁਹੱਈਆ ਕਰਵਾਉਣਾ ਚਾਹੁੰਦੇ ਹੋ ਤਾਂ ਇਹ ਯਕੀਨੀ ਬਣਾਉ ਕਿ ਤੁਹਾਨੂੰ Alberta Health Services, Edmonton Fire Department ਅਤੇ ਐਡਮਿੰਟਨ ਸਿਟੀ ਦੇ ਹੋਰ ਮਹਿਕਮਿਆਂ ਦੀਆਂ ਸ਼ਰਤਾਂ ਬਾਰੇ ਪਤਾ ਹੈ।ਵਧੇਰੀ ਜਾਣਕਾਰੀ ਲੈਣ ਲਈ ਤੁਸੀ ਪਬਲਿਕ ਹੈਲਥ ਇੰਸਪੈਕਟਰ 780-934-0570 ਨਾਲ ਸੰਪਰਕ ਕਰ ਸਕਦੇ ਹੋ।ਸਟਾਲ ਬੁਕ ਕਰਨ ਲਈ ਜਾਂ ਹੋਰ ਜਾਣਕਾਰੀ ਲੈਣ ਲਈ **ਸ. ਕਰਨੈਲ ਸਿੰਘ ਭੰਮਰਾ ਨੂੰ** 780-990-6166 ਤੇ ਫੋਨ ਕਰੋ ਜੀ।
- ਆਪ ਸਭ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਆਪਣੀ ਸਿਹਤ ਦਾ ਖਿਆਲ ਰੱਖਣ ਲਈ ਸਾਵਧਾਨੀ ਵਰਤਣ। ਇਹ ਵੀ ਯਾਦ ਰਖਿਆਂ ਜਾਵੇ ਕਿ ਜੇਕਰ ਕੋਈ ਪਾਬੰਦੀਆਂ ਲਗਦੀਆਂ ਹਨ ਤਾਂ ਉਨ੍ਹਾਂ ਪਾਬੰਦੀਆਂ ਦੀ ਪਾਲਣਾ ਕਰਨੀ ਪਵੇਗੀ। ਸਟਾਲ ਬੁਕ ਕਰਨ ਲਈ ਆਖਰੀ ਤਾਰੀਖ 17 ਅਪਰੈਲ, 2024

**ਸਮੂਹ ਸੰਗਤਾਂ ਅੱਗੇ ਬੇਨਤੀ ਹੈ ਕਿ ਨਗਰ ਕੀਰਤਨ ਲਈ ਹੋਣ ਵਾਲੀ ਸੇਵਾ ਵਿਚ ਵੱਧ ਤੋਂ ਵੱਧ ਹੱਥ ਵਟਾਓ ਹੇਠ ਲਿਖੇ ਨੰਬਰਾਂ ਤੇ ਫੋਨ ਕਰਕੇ ਨਾਮ ਲਿਖਾ ਕੇ ਧੰਨਵਾਦੀ ਬਣਾਓ ਜੀ।**

| | | |
|---|---|---|
| **ਗੁਰਦਵਾਰਾ ਮਿਲਵੁਡਜ਼ 780-450-3844** | **ਸ੍ਰੀ ਗੁਰੂ ਨਾਨਕ ਸਿੱਖ ਗੁਰਦਵਾਰਾ 780-451-4519** | **ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ 780-462-7454** |
| ਸ. ਸੁਰਿੰਦਰ ਸਿੰਘ ਹੁੰਜਣ 780-777-3653 | ਸ. ਅਵਤਾਰ ਸਿੰਘ ਗਿੱਲ 780-991-6224 | ਸ. ਹਰਮੇਲ ਸਿੰਘ ਤੂਰ 825-343-0868 |
| ਸ. ਬਲਬੀਰ ਸਿੰਘ ਚਾਨਾ 780-951-9154 | ਸ. ਜੁਝਾਰ ਸਿੰਘ ਬੈਂਸ 780-945-1519 | ਸ. ਹਰਬੀਰ ਸਿੰਘ ਸੰਧੂ 780-908-0835 |

ਸ. ਕਰਨੈਲ ਸਿੰਘ ਭੰਮਰਾ
ਚੇਅਰਮੈਨ, (780) 990-6166

nagarkirtanedmonton@gmail.com
ਵਿਸਾਖੀ ਨਗਰ ਕੀਰਤਨ ਕਮੇਟੀ, ਐਡਮਿੰਟਨ

ਸ. ਗੁਰਚਰਨ ਸਿੰਘ ਸੰਘਾ
ਸਕੱਤਰ, (780) 660-9961




PAINTED SKY
LANGDON

ਤੁਹਾਡੇ ਨਵੇਂ ਘਰ ਵਿੱਚ ਖੁੱਲੀ ਥਾਂ ਨੂੰ ਗਲਵੱਕੜੀ ਪਾਓ

ਵੱਡੇ ਲਾਟ ਦੇ ਨਾਲ ਅਤੇ
ਤੁਰੰਤ ਕਬਜ਼ੇ ਵਾਲੇ ਘਰ

ਵੱਡੀਆਂ ਅਤੇ ਚੌੜੀਆਂ ਲਾਟਾਂ ਦਾ ਮਤਲਬ ਹੈ ਕਿ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਵਧੇਰੇ ਜਗ੍ਹਾ ਹੈ, ਅਤੇ ਸਟੋਰੇਜ, ਆਰਵੀ ਪਾਰਕਿੰਗ, ਗਜ਼ੀਬੋ ਜਾਂ ਖੇਡਣ ਲਈ ਵਧੇਰੇ ਜਗ੍ਹਾ ਹੈ।

Painted Sky Lot 46′
City of Calgary Lot 36′

LANED HOMES from the low $600s
FRONT GARAGE HOMES from the mid $600s

ਰੁੱਝੇ ਹੋਏ ਸ਼ਹਿਰੀ ਵਾਤਾਵਰਣ ਦੇ ਤਣਾਅ ਤੋਂ ਵੱਖ ਇੱਕ ਆਂਢ-ਗੁਆਂਢ ਵਿੱਚ ਘਰ ਆਓ - ਇੱਕ ਵਿਸ਼ਾਲ ਭਾਈਚਾਰਾ ਜਿਵੇਂ ਕਿ ਬੇਅੰਤ ਪ੍ਰੈਰੀਜ਼ ਵਾਂਗ ਖੁੱਲ੍ਹਾ ਅਤੇ ਪ੍ਰਮਾਣਿਕ। ਪੇਂਟਡ ਸਕਾਈ ਇੱਕ ਪਰਿਵਾਰਕ ਅਧਾਰਤ ਭਾਈਚਾਰਾ ਹੈ ਜੋ ਇਸਦੇ ਨਿਵਾਸੀਆਂ ਦੀਆਂ ਰਿਹਾਇਸ਼ਾਂ, ਜੀਵਨ ਸ਼ੈਲੀ ਅਤੇ ਸਹੂਲਤਾਂ ਦੀਆਂ ਜ਼ਰੂਰਤਾਂ ਦੀ ਪੂਰਤੀ ਲਈ ਤਿਆਰ ਕੀਤਾ ਗਿਆ ਹੈ। ਇਹ ਉਹਨਾਂ ਪਰਿਵਾਰਾਂ ਲਈ ਇੱਕ ਪਨਾਹਗਾਹ ਹੈ ਜੋ ਸ਼ਹਿਰ ਵਿੱਚ ਰਹਿਣ ਦਾ ਵਿਕਲਪ ਲੱਭ ਰਹੇ ਹਨ, ਪਰ ਜੋ ਅਜੇ ਵੀ ਨੇੜਲੇ ਸਕੂਲਾਂ, ਮਨੋਰੰਜਨ ਅਤੇ ਸੰਕਟਕਾਲੀਨ ਸੇਵਾਵਾਂ ਦੀ ਸਹੂਲਤ ਚਾਹੁੰਦੇ ਹਨ। ਇਸਦੀ ਬੁਨਿਆਦ ਰਿਹਾਇਸ਼ਾਂ ਦੀ ਵਿਭਿੰਨਤਾ 'ਤੇ ਟਿਕੀ ਹੋਈ ਹੈ, ਜੀਵਨ ਨੂੰ ਪੂਰੀ ਤਰ੍ਹਾਂ ਜੀਣ ਲਈ ਤਿਆਰ ਕੀਤਾ ਗਿਆ ਹੈ।

Sterling Homes, Broadview Homes, NuVista Homes
paintedskyinlangdon.com

WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities

ਘਰ ਖਰੀਦਣਾ ਜਾਂ ਵੇਚਣਾ ਹੋਵੇ ਤਾਂ ਤਜ਼ਰਬੇਕਾਰ ਰੀਐਲਟਰ ਰਾਜ ਮੱਲ੍ਹੀ ਦੀ ਸਲਾਹ ਜਰੂਰ ਲੈ ਲਵੋ



RAJ MALHI
Real Estate Associate
403-619-6130
eXp REALTY
rajmalhiyyc@gmail.com

Punjabi Chulha ਪੰਜਾਬੀ ਚੁੱਲ੍ਹਾ Restaurant & Sweet Shop
We Do Take-Out & Catering For All Events

ਪੰਜਾਬੀ ਚੁੱਲ੍ਹਾ ਰੈਸਟੋਰੈਂਟ



ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।

ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੈ ਨਾ ਡਰੋ!
"ਪੰਜਾਬੀ ਚੁੱਲੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ!
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ!
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ!

83 Martindale Blvd NE Calgary, AB T3J 3M7
P: 403-453-9000 / C:403-477-5142



A-CHOICE DRIVING SCHOOL
Bay# 324, 4774 Westwinds Dr NE
Calgary Alberta T3J 0L9
Tel: 403-473-1682



For All your Exterior Needs
B.B.S. Exterior
Roofing/ Siding / Stucco / Soffits & Fascia / Hardie Shakes / SmartBoard / Eaves & Downspouts / Windows etc.
403.714.0455
bbsexterior@gmail.com

# ਇਕਬਾਲ ਖ਼ਾਨ ਦੀ ਯਾਦ ਨੂੰ ਸਮਰਪਿਤ ਅਰਪਨ ਲਿਖਾਰੀ ਸਭਾ ਵੱਲੋਂ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਅਰਪਨ ਲਿਖਾਰੀ ਸਭਾ ਕੈਲਗਰੀ ਵੱਲੋਂ ਅਪ੍ਰੈਲ 21 ਨੂੰ ਇਕਬਾਲ ਖ਼ਾਨ ਨੂੰ ਸ਼ਰਧਾਜਲੀ ਸਮਾਗਮ ਟੈਂਪਲ ਕਮਿਊਨਟੀ ਹਾਲ ਵਿੱਚ ਡਾ. ਜੋਗਾ ਸਿੰਘ, ਡਾ. ਸੁਰਿੰਦਰ ਧੰਜਲ ਅਤੇ ਬੀਬੀ ਮੁਹਿੰਦਰ ਕੌਰ ਕਾਲੀਰਾਏ ਦੀ ਪ੍ਰਧਾਨਗੀ ਹੇਠ ਕੀਤਾ ਗਿਆ।ਜਨਰਲ ਸਕੱਤਰ ਜਸਵੰਤ ਸਿੰਘ ਸੇਖੋਂ ਨੇ ਸ਼ਰਧਾਂਜਲੀ ਸਮਾਗਮ ਤੇ ਆਏ ਸਾਹਿਤਕਾਰਾਂ, ਕਮਿਊਨਟੀ ਮੈਂਬਰਾਂ ਅਤੇ ਵੱਖ ਵੱਖ ਸੰਸਥਾਵਾਂ ਦੇ ਆਏ ਹੋਏ ਮੈਂਬਰਾਂ ਨੂੰ ਜੀ ਆਇਆ ਆਖਦਿਆਂ ਇਕਬਾਲ ਖ਼ਾਨ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਇੱਕ ਕਵਿਤਾ ਨਾਲ ਸਮਾਗਮ ਦਾ ਅਗਾਜ਼ ਕੀਤਾ। ਨਾਮਵਰ ਸ਼ਾਇਰ ਕੇਸਰ ਸਿੰਘ ਨੀਰ ਨੇ ਇਕਬਾਲ ਖ਼ਾਨ ਬਾਰੇ ਭਾਵਪੂਰਤ ਜਾਣਕਾਰੀ ਦੇ ਨਾਲ ਆਪਣੀਆਂ ਪਿਛਲੇ ਅੱਠਾਈ ਸਾਲਾਂ ਤੋਂ ਸਾਂਝ ਦੀਆਂ ਯਾਦਾਂ ਤਾਜ਼ੀਆਂ ਕੀਤੀਆਂ। ਉਨ੍ਹਾਂ ਇੱਕ ਕਵਿਤਾ ਇਕਬਾਲ ਖ਼ਾਨ ਨੂੰ ਸਮਰਪਿਤ ਕੀਤੀ। ਡਾ. ਜੋਗਾ ਸਿੰਘ ਨੇ ਇੱਕ ਗੀਤ ਅਤੇ ਇੱਕ ਗ਼ਜ਼ਲ ਪੇਸ਼ ਕਰਕੇ ਇਕਬਾਲ ਖ਼ਾਨ ਨੂੰ ਯਾਦ ਕੀਤਾ। ਡਾ. ਸੁਰਿੰਦਰ ਧੰਜਲ ਨੇ ਇਕਬਾਲ ਖ਼ਾਨ ਦੇ ਪਰਿਵਾਰਕ ਫੁਲਵਾੜੀ ਬਾਰੇ ਗੱਲ ਕਰਦਿਆਂ ਆਖਿਆ ਕਿ ਇਕਬਾਲ ਨੂੰ ਸ਼ਰਧਾਜਲੀ ਦੇਣ ਲਈ ਕਾਲੀਰਾਏ ਪਰਿਵਾਰ ਦਾ ਸਭ ਤੋਂ ਛੋਟਾ ਮੈਂਬਰ ਕਾਕਾ ਦੇਵਰਾਜ ਸਿੰਘ ਕਾਲੀਰਾਏ ਜਿਸ ਦੀ ਉਮਰ ਹਾਲੇ ਸਿਰਫ 12 ਦਿਨ ਹੀ ਹੈ ,ਉਹ ਵੀ ਪਹੁੰਚਿਆ ਹੈ।ਇਕਬਾਲ ਖ਼ਾਨ ਦੇ ਸੰਘਰਸ਼ੀ ਜੀਵਨ ਦੀ ਸ਼ੁਰੂਆਤ ਤੇ ਜੇਲ੍ਹਾਂ ਦੇ ਤਸੀਹਿਆਂ ਬਾਰੇ ਗੱਲ ਕਰਦਿਆਂ ਕਿਹਾ ਕਿ ਇਕਬਾਲ ਖ਼ਾਨ ਦੁਆਬੇ ਖੇਤਰ ਦੇ ਨਕਸਲੀ ਕਾਰਕੁਨਾਂ ਵਿੱਚੋਂ ਪਹਿਲਾ ਕਾਰਕੂਨ ਸੀ, ਜਿਸ ਨੇ ਪਾਸ਼ ਨਾਲ ਜੇਲ੍ਹ ਵਿਚ ਰਹਿੰਦਿਆਂ ਆਪਣੇ ਜਜ਼ਬਾਤਾਂ ਨਾਲ ਯਥਾਰਥ ਨੂੰ ਕਵਿਤਾ ਰਾਹੀਂ ਲੋਕਾਂ ਦੇ ਸਾਹਮਣੇ ਰੱਖਿਆ। ਲੋਕਾਂ ਨੂੰ ਆਪਣੇ ਹੱਕਾਂ ਬਾਰੇ ਜਾਗਰੂਕ ਕੀਤਾ। ਉਸ ਦੀਆਂ ਰਚਨਾਵਾਂ ਬਾਰੇ ਵਿਸਥਾਰ ਨਾਲ ਚਰਚਾ ਵੀ ਕੀਤੀ। ਜਰਨੈਲ ਸਿੰਘ ਤੱਗੜ ਨੇ ਬਹੁਤ ਹੀ ਸੰਖੇਪ ਅਤੇ ਭਾਵਪੂਰਤ ਸ਼ਬਦਾਂ ਵਿੱਚ ਇਕਬਾਲ ਖ਼ਾਨ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।




ਸਤਨਾਮ ਸਿੰਘ ਢਾਅ ਨੇ ਆਪਣੇ ਵੱਲੋਂ ਸ਼ਰਧਾਂਜਲੀ ਦੇਣ ਤੋਂ ਪਹਿਲਾਂ ਦੇਸ਼-ਬਿਦੇਸ਼ਾਂ ਤੋਂ ਆਏ ਸ਼ੋਕ ਸੰਦੇਸ਼ ਸਟੇਜ ਤੋਂ ਪੜ੍ਹ ਕੇ ਸੁਣਾਏ। ਢਾਅ ਨੇ ਆਖਿਆ ਕਿ ਇਕਬਾਲ ਖ਼ਾਨ ਦੀ ਯਾਰੀ ਤੂਤ ਦੇ ਮੋਛੇ ਵਰਗੀ ਸੀ। ਉਹ ਸਾਡੀ ਸਭਾ ਦਾ ਥੰਮ ਸੀ।ਉਹ ਨਿਧੜਕ ਬੁਲਾਰਾ ਸੀ ਆਪਣੀ ਗੱਲ ਸਿੱਧੀ ਤੇ ਸਪਸ਼ਟ ਸ਼ਬਦਾਂ ਵਿੱਚ ਕਹਿੰਦਾ ਸੀ।ਕੈਲਗਰੀ ਤੋਂ ਬਾਹਰੋਂ ਆਏ ਸੁਨੇਹਿਆਂ, ਜਿਨ੍ਹਾਂ ਵਿੱਚ ਸਭਾ ਦੇ ਬਹੁਤ ਹੀ ਸੁਹਿਰਦ ਮੈਂਬਰ ਅਤੇ ਇਕਬਾਲ ਦੇ ਬਹੁਤ ਹੀ ਪਿਆਰੇ ਅਤੇ ਕਰੀਬੀ ਦੋਸਤ ਜਗਦੇਵ ਸਿੰਘ ਸਿੱਧੂ ਦਾ ਇੰਡੀਆ ਤੋਂ ਭੇਜਿਆ ਸ਼ੋਕ ਸੰਦੇਸ਼ ਜਿਸ ਵਿੱਚ ਉਨ੍ਹਾਂ ਲਿਖਿਆ ਕਿ ਇਕਬਾਲ ਖ਼ਾਨ ਹੱਕਾਂ ਅਤੇ ਬਰਾਬਰੀ ਲਈ ਲੜੀ ਗਈ ਜੰਗ ਦਾ ਸਿਰਲੱਥ ਯੋਧਾ ਸੀ।ਉਹ ਉਸ ਇਨਕਲਾਬੀ ਲੋਕ ਲਹਿਰ ਦਾ ਲੋਕ-ਨਾਇਕ ਸੀ। ਨਾਲ ਹੀ ਇੱਕ ਹੋਰ ਸ਼ੋਕ ਸ਼ੰਦੇਸ਼ ਜੋ ਕਿ ਬੀਬੀ ਜਸਵੀਰ ਮੰਗੂਵਾਲ ਨੇ ਆਪਣੇ ਸੁਨੇਹੇ ਵਿੱਚ ਕਿਹਾ ਕਿ ਇਕਬਾਲ ਖ਼ਾਨ ਆਪਣੇ ਅਕੀਦੇ ਪ੍ਰਤੀ ਸਮਰਪਿਤ ਅਤੇ ਸਿਰੜ ਦੇ ਪੱਕੇ ਕਰਕੇ ਪੁਲੀਸ ਦਾ ਤਸ਼ੱਦਦ ਉਸ ਨੂੰ ਕਿਸੇ ਵੀ ਤਰ੍ਹਾਂ ਡੁਲਾ ਨਾ ਸਕਿਆ।ਦੇਸ਼ ਭਗਤ ਯਾਦਗਾਰ ਹਾਲ ਤੋਂ ਅਮੋਲਕ ਸਿੰਘ ਨੇ ਆਪਣੀ ਸੋਸਾਇਟੀ ਵੱਲੋਂ ਸ਼ੋਕ ਸੰਦੇਸ਼ ਭੇਜਿਆ। ਇਕਬਾਲ ਦੇ ਪਿੰਡ ਖ਼ਾਨਖਾਨਾ ਤੋਂ ਪਿੰਡ ਦੀ ਪੰਚਾਇਤ, ਪਿੰਡ ਦੇ ਸਕੂਲ ਦੇ ਸਟਾਫ਼ ਦੇ ਮੈਂਬਰਾਂ ਅਤੇ ਪਿੰਡ ਦੇ ਪੰਤਵਤੇ ਸੱਜਣਾਂ ਵੱਲੋਂ ਪਿੰਡ ਦੇ ਸਕੂਲ ਦੇ ਗਰਾਂਉਡ ਲਈ ਦਿੱਤੀ ਜ਼ਮੀਨ ਬਾਰੇ ਧੰਨਵਾਦ ਕਰਦਿਆਂ ਉਨ੍ਹਾਂ ਕਿਹਾ ਕਿ ਸਕੂਲ ਨੂੰ ਜ਼ਮੀਨ ਦੇਣ ਅਤੇ ਸਮਾਜ ਸੇਵੀ ਕੰਮਾਂ ਨਾਲ ਇਕਬਾਲ ਕਾਲੀਰਾਏ ਨੇ ਇਲਾਕੇ ਵਾਸੀਆਂ ਦਾ ਦਿਲ ਜਿੱਤ ਲਿਆ ਹੈ, ਇਹ ਸ਼ੋਕ ਸੰਦੇਸ਼ ਪੜ੍ਹੇ ਤਾਂ ਸਰੋਤੇ ਭਾਵੁਕ ਹੋ ਗਏ। ਵੈਨਕੋਵਰ ਅਤੇ ਐਡਮਿੰਟਨ ਤੋਂ ਸਾਰੀਆਂ ਸੰਸਥਾਵਾਂ ਨੇ ਆਪਣੇ ਸ਼ੋਕ ਸੰਦੇਸ਼ ਭੇਜ ਕੇ ਇਕਬਾਲ ਖ਼ਾਨ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।ਉਪਰੰਤ ਅਰਪਨ ਲਿਖਾਰੀ ਸਭਾ ਕੈਲਗਰੀ ਵੱਲੋਂ ਇਕਬਾਲ ਖ਼ਾਨ ਦੀ ਧਰਮ ਪਤਨੀ ਬੀਬੀ ਮਹਿੰਦਰ ਕੌਰ ਕਾਲੀਰਾਏ ਨੂੰ ਇਕਬਾਲ ਖ਼ਾਨ ਨੂੰ ਲਾਈਫ਼ ਟਾਈਮ ਅਚੀਵਮੈਂਟ ਐਵਾਰਡ ਅਤੇ ਸ਼ਾਲ ਨਾਲ ਸਨਮਨਿਤ ਕੀਤਾ ਗਿਆ।ਜਿਸ ਵਿੱਚ ਇਕਬਾਲ ਖ਼ਾਨ ਦੇ ਸਾਰੇ ਪਰਿਵਾਰਕ ਮੈਂਬਰ ਸ਼ਾਮਲ ਹੋਏ।ਇਕਬਾਲ ਖ਼ਾਨ ਦੇ ਬੇਟੇ ਨਵਪਾਲ ਸਿੰਘ ਕਾਲੀਰਾਏ ਨੇ ਸਾਰੇ ਸੱਜਨਾਂ ਮਿੱਤਰਾਂ ਜਿਨ੍ਹਾਂ ਨੇ ਦੂਰੋਂ ਨੇੜਿਓਂ ਇਕਬਾਲ ਖ਼ਾਨ ਦੇ ਸ਼ਰਧਾਂਜਲੀ ਸਮਾਗਮ ਵਿਚ ਹਿੱਸਾ ਲਿਆ ਉਸ ਦੇ ਜੀਵਨ ਸੰਘਰਸ਼ ਨੂੰ, ਉਸ ਦੇ ਕੰਮਾਂ ਨੂੰ ਯਾਦ ਕੀਤਾ, ਸਾਰਿਆਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਸਾਨੂੰ ਆਪਣੇ ਪਿਤਾ ਤੇ ਮਾਣ ਹੈ ਕਿ ਉਹਨੇ ਲੋਕ-ਹੱਕਾਂ ਅਤੇ ਲੋਕ-ਹਿੱਤਾਂ ਲਈ ਤਸੀਹੇ ਝੱਲੇ ਤੇ ਕੁਰਬਾਨੀਆਂ ਕੀਤੀਆਂ।

ਸਤਨਾਮ ਸਿੰਘ ਸ਼ੇਰਗਿੱਲ ਨੇ ਇਕਬਾਲ ਨਾਲ ਆਪਣੀਆਂ ਯਾਦਾਂ ਸਾਂਝੀਆਂ ਕਰਦੇ ਹੋਏ ਆਖਿਆ ਕਿ ਇਕਬਾਲ ਨੂੰ ਆਪਣੇ ਪਿਤਾ ਕਾਮਰੇਡ ਅਜੀਤ ਸਿੰਘ ਤੋਂ ਲੋਕ-ਹਿਤਾਂ ਲਈ ਲੜਨ ਦੀ ਗੁੜ੍ਹਤੀ ਮਿਲ਼ੀ। ਉਨ੍ਹਾਂ ਆਖਿਆ ਕਿ ਪਿੰਡਾਂ ਵਿੱਚ ਨਕਸਲੀ ਲਹਿਰ ਸਮੇਂ ਪੁਲੀਸ ਤੇ ਟਾਉਟ ਕਿਸਮ ਦੇ ਬੰਦੇ ਗ਼ਲਤ ਕੰਮ ਕਰਨ ਤੋਂ ਡਰਨ ਲੱਗ ਪਏ ਸਨ। ਬੀਬੀ ਗੁਰਚਰਨ ਕੌਰ ਥਿੰਦ ਨੇ ਇੱਕ ਕਵਿਤਾ ਰਾਹੀਂ ਆਪਣੀ ਹਾਜ਼ਰੀ ਲਗਵਾਈ ਅਤੇ ਦੱਸਿਆ ਕਿ ਕਿਵੇਂ ਉਸ ਸਮੇਂ ਕਾਲਜਾਂ ਵਿੱਚ ਨਕਸਲੀ ਵਿਚਾਰਾਂ ਦਾ ਪ੍ਰਭਾਵ ਸੀ।ਇੰਜੀ. ਗੁਰਦਿਆਲ ਸਿੰਘ ਖਹਿਰਾ ਨੇ ਕੈਲਗਰੀ ਸਾਹਿਤ ਸਭਾ ਵੱਲੋਂ ਹਾਜ਼ਰੀ ਲਗਵਾਉਂਦੇ ਹੋਏ ਇੱਕ ਕਵਿਤਾ ਰਾਹੀਂ ਇਕਬਾਲ ਖ਼ਾਨ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਕੈਲਗਰੀ ਤਰਕਸ਼ੀਲ ਸੋਸਾਇਟੀ ਵੱਲੋਂ ਵੀ ਬੀਰਬਲ ਭਦੌੜ ਨੇ ਇਕਬਾਲ ਖ਼ਾਨ ਦੇ ਤਰਕਵਾਦੀ ਹੋਣ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਨਾਲ ਹੀ ਕਿਹਾ ਕਿ ਆਉ ਸਾਰੇ ਰਲ ਕੇ ਉਸ ਦੀ ਸੋਚ ਤੇ ਪਹਿਰਾਂ ਦਿੰਦੇ ਹੋਏ ਉਸ ਦੇ ਅਧੂਰੇ ਕੰਮਾਂ ਨੂੰ ਪੂਰਾ ਕਰੀਏ।

ਬੁਲੰਦ ਅਵਾਜ਼ ਵਾਲੇ ਹਰਜੀਤ ਗਿੱਲ ਨੇ ਗੁਰਦਾਸ ਮਾਨ ਦਾ ਗੀਤ 'ਪੀੜ ਤੇਰੇ ਜਾਣ ਦੀ ਕਿਸ ਤਰ੍ਹਾਂ ਜਰਾਂਗਾ ਮੈਂ' ਸੁਣਾ ਕੇ ਸ਼ਰਧਾਜਲੀ ਭੇਟ ਕੀਤੀ। ਕੈਲਗਰੀ ਦੇ ਬਹੁਤ ਹੀ ਸੁਰੀਲੇ ਗਾਇਕ ਸੁਖਵਿੰਦਰ ਸਿੰਘ ਤੂਰ ਨੇ ਇਕਬਾਲ ਖ਼ਾਨ ਦੀ ਫ਼ਿਰੋਜ਼ਦੀਨ ਸ਼ਰਫ਼ ਨੂੰ ਸੰਬੋਧਿਤ ਕਰਕੇ ਲਿਖੀ ਕਵਿਤਾ ਗਾ ਕੇ ਸ਼ਰਧਾ ਦੇ ਫੁੱਲ਼ ਭੇਟ ਕੀਤੇ।ਇੰਡੋ-ਕਨੇਡੀਅਨ ਕਮਿਉਨਟੀ ਐਸੋਸੀਏਸ਼ਨ ਤੋਂ ਸੇਵਾ ਸਿੰਘ ਪ੍ਰੇਮੀਂ ਸਮੇਤ ਮੈਂਬਰਾਂ ਨੇ ਹਾਜ਼ਰੀ ਭਰੀ।ਇੰਡੀਆ ਤੋਂ ਕਵੀਸ਼ਰ ਜਗਦੇਵ ਸਿੰਘ ਸਾਹੋਕੇ ਵਾਲ਼ਿਆਂ ਦੇ ਜਥੇ ਵੱਲੋਂ ਭੇਜਿਆਂ ਸ਼ੋਕ ਸੰਦੇਸ਼ ਕਵੀਸ਼ਰ ਜਸਵੰਤ ਸਿੰਘ ਸੇਖੋਂ ਨੇ ਸਾਂਝਾ ਕੀਤਾ।ਇਸ ਸਮਾਗਮ ਵਿਚ ਹਰਬੰਸ ਬੁੱਟਰ ਅਤੇ ਦਲਜੀਤ ਹੁੰਝਣ ਨੇ ਫ਼ੋਟੋਗ੍ਰਾਫੀ ਦੀਆਂ ਸੇਵਾਵਾਂ ਨਿਭਾਈਆਂ। ਚਾਹ ਪਾਣੀ ਦੀ ਸੇਵਾ ਬੀਬੀ ਸ਼ਰਨਜੀਤ ਕੌਰ ਹੇਅਰ, ਬੀਬੀ ਸੁਖਦੇਵ ਕੌਰ ਢਾਅ ਅਤੇ ਬੀਬੀ ਅਵਤਾਰ ਕੌਰ ਤਗੱੜ ਨੇ ਨਿਰਵਿਗਨ ਨਿਭਾਈ।ਅਖ਼ੀਰ ਤੇ ਡਾ. ਜੋਗਾ ਸਿੰਘ ਨੇ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਸਮਾਗਮ ਦੀ ਸਮਾਪਤੀ ਕੀਤੀ।



















Calgary

# ਪ੍ਰਾਪਰਟੀ ਟੈਕਸ ਕੈਲਗਰੀ ਨੂੰ ਰਹਿਣ ਲਈ ਇੱਕ ਵਧੀਆ ਜਗ੍ਹਾ ਬਣਾਉਣ ਵਿੱਚ ਮਦਦ ਕਰਦੇ ਹਨ

ਤੁਹਾਡੇ ਸਿਟੀ ਟੈਕਸ ਡਾਲਰ ਕੈਲਗਰੀ ਨੂੰ ਰਹਿਣ ਲਈ ਇੱਕ ਵਧੀਆ ਥਾਂ ਬਣਾਉਂਦੇ ਹਨ।

ਪ੍ਰਾਪਰਟੀ ਟੈਕਸਾਂ ਦੇ ਮਿਉਂਸਪਲ ਹਿੱਸੇ ਦੀ ਵਰਤੋਂ ਕਰਦੇ ਹੋਏ ਸਿਟੀ ਬਹੁਤ ਸਾਰੀਆਂ ਸੇਵਾਵਾਂ ਅਤੇ ਪ੍ਰੋਗਰਾਮ ਪ੍ਰਦਾਨ ਕਰਦੀ ਹੈ। ਇਨ੍ਹਾਂ ਵਿੱਚ ਪੁਲਿਸ, ਫਾਇਰ ਸਰਵਿਸਿਜ਼ ਅਤੇ ਟਰਾਂਜ਼ਿਟ ਸ਼ਾਮਲ ਹਨ। ਉਹ ਸਮਾਜਿਕ ਪ੍ਰੋਗਰਾਮਾਂ ਅਤੇ ਮਨੋਰੰਜਨ ਸਹੂਲਤਾਂ ਵਰਗੀਆਂ ਹੋਰ ਮਹੱਤਵਪੂਰਨ ਚੀਜ਼ਾਂ ਲਈ ਭੁਗਤਾਨ ਕਰਨ ਵਿੱਚ ਵੀ ਮਦਦ ਕਰਦੇ ਹਨ।

ਇਹ ਦੇਖਣ ਲਈ ਸਾਡੇ ਮੁਫਤ ਔਨਲਾਈਨ ਟੂਲ ਦੀ ਵਰਤੋਂ ਕਰੋ ਕਿ ਤੁਹਾਡੇ ਟੈਕਸ ਡਾਲਰ ਸਿਟੀ ਸੇਵਾਵਾਂ ਦਾ ਸਮਰਥਨ ਕਿਵੇਂ ਕਰਦੇ ਹਨ। ਤੁਸੀਂ ਆਪਣੇ ਪ੍ਰਾਪਰਟੀ ਟੈਕਸ ਬਿੱਲ ਦਾ ਅਨੁਮਾਨ ਅਤੇ ਪੂਰਾ ਬ੍ਰੇਕਡਾਊਨ ਵੀ ਪ੍ਰਾਪਤ ਕਰ ਸਕਦੇ ਹੋ।

**ਆਪਣੇ ਪ੍ਰਾਪਰਟੀ ਟੈਕਸ ਦਾ ਮੁਫਤ ਅਨੁਮਾਨ ਪ੍ਰਾਪਤ ਕਰਨ ਅਤੇ ਇਹ ਦੇਖਣ ਲਈ ਕਿ ਤੁਹਾਡੇ ਟੈਕਸ ਡਾਲਰ ਸਿਟੀ ਸੇਵਾਵਾਂ ਅਤੇ ਪ੍ਰੋਗਰਾਮਾਂ ਦਾ ਸਮਰਥਨ ਕਿਵੇਂ ਕਰਦੇ ਹਨ, calgary.ca/taxcalculator 'ਤੇ ਜਾਓ।**




ਕੀ ਤੁਹਾਨੂੰ ਪਤਾ ਸੀ?



**65%** ਫੰਡ ਸਿਟੀ ਔਫ ਕੈਲਗਰੀ ਸੇਵਾਵਾਂ ਨੂੰ

**35%** ਜਾਂਦਾ ਹੈ ਅਲਬਰਟਾ ਸਰਕਾਰ ਨੂੰ

ਤੁਹਾਡੇ ਪ੍ਰਾਪਰਟੀ ਟੈਕਸ ਦਾ ਲਗਭਗ 65 ਪ੍ਰਤੀਸ਼ਤ ਇਹਨਾਂ ਸਿਟੀ ਸੇਵਾਵਾਂ ਨੂੰ ਫੰਡ ਕਰਨ ਲਈ ਜਾਂਦਾ ਹੈ, ਜਦੋਂ ਕਿ ਬਾਕੀ 35 ਪ੍ਰਤੀਸ਼ਤ ਅਲਬਰਟਾ ਸਰਕਾਰ ਨੂੰ ਜਾਂਦਾ ਹੈ।


ਤੁਹਾਡਾ ਪ੍ਰਵੇਸ਼ ਦੁਆਰ ਹੈ
- ਕੁਦਰਤ
- ਜਰੂਰਤਾਂ
- ਕੁੱਝ ਨਵਾਂ ਕਰਨਾ



ਵਾਕਆਊਟ ਪੌਂਡ ਲਾਟਾਂ ਕੁੱਝ ਕੁ ਬਾਕੀ ਹਨ,ਤੁਸੀਂ ਹੁਣੇ ਬੁੱਕ ਕਰਵਾਓ!

Vermilion Hill



Duplexes From the high $500s




Laned Homes From the low $600s



Front Garage From the low $700s

ਸਾਊਥ ਵੈਸਟ ਕੈਲਗਰੀ ਦਾ ਸਭ ਤੋਂ ਨਵਾਂ ਭਾਈਚਾਰਾ

ਕੁਦਰਤ ਨਾਲ ਘਿਰਿਆ, ਵਰਮਿਲੀਅਨ ਹਿੱਲ ਉਹਨਾਂ ਪਰਿਵਾਰਾਂ ਲਈ ਸੰਪੂਰਨ ਸਥਾਨ ਹੈ ਜੋ ਬਾਹਰ ਨੂੰ ਪਸੰਦ ਕਰਦੇ ਹਨ। ਤੁਹਾਡਾ ਅਗਲਾ ਐਡਵੈਂਚਰ ਫਿਸ਼ ਕ੍ਰੀਕ ਪਾਰਕ ਤੋਂ ਕੁੱਝ ਕਦਮ, ਬ੍ਰੈਗ ਕ੍ਰੀਕ ਅਤੇ ਐਨ ਐਂਡ ਸੈਂਡੀ ਕਰਾਸ ਕੰਜ਼ਰਵੇਸ਼ਨ ਏਰੀਆ ਤੋਂ ਕੁੱਝ ਮਿੰਟ, ਅਤੇ ਕਾਨਾਨਾਸਕਿਸ ਅਤੇ ਰੌਕੀ ਪਹਾੜਾਂ ਲਈ ਇੱਕ ਦਮ ਡ੍ਰਾਈਵ ਕਰਦਿਆਂ ਬਿਲਕੁਲ ਨੇੜੇ ਹੀ ਹੈ!




ਫੇਸ 2 ਹੁਣ ਵੇਚ ਰਹੇ ਹਾਂ!
liveinvermilionhill.com
- NuVista Homes
- Homes by Avi
- Genesis Builders
- Sterling Homes
- Shane Homes
- Broadview Homes

WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO® communities



Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com



Sunder Building Supplies Ltd.
We believe in quality
- CRC Roofing Supplies
- Drywall, Insulation
- Sound Control Products
- Stucco, T-Bar Ceiling
- Manufactdured Stone
- Steel Studs &
- Accessories

Stucco | Paper | Flashing | Wiring
Free Estimate BEST Rates
Nirvair Singh Johal 403-690-8700
Bhajan Singh Johal 403-561-0227
4612, 6 STREET NE CALGARY, AB



ਡਰਾਇਵਰਾਂ ਦੀ ਲੋੜ ਹੈ
RIG Group of Companies Inc.
GOLIATH TRACTOR SERVICE LTD. CALGARY, ALBERTA
Goliath Tractor Service Ltd.
Rig Logistics is now Hiring Long haul drivers for Canada & USA and LCV with minimum 2 year Hwy driving experience.
O: 403 285 1111ext# 100 | Fax: 403 567 0462 | Call : 403-862-1631
hr@riglogistics.com
# 4, 10 Wrangler Place SE
Calgary (AB)

# ਕੈਨੇਡਾ ਦਾ ਟੋਬਾ ਗੋਲਡ ਕੱਪ 2024 ਫ਼ੀਲਡ ਹਾਕੀ ਟੂਰਨਾਮੈਂਟ ਅਕਾਲ ਵਾਰੀਅਰਜ਼ ਕਲੱਬ ਕੈਲਗਰੀ ਨੇ ਜਿੱਤਿਆ




ਵਿਨੀਪੈਗ (ਸੁਰਿੰਦਰ ਮਾਵੀ ) ਵਿਨੀਪੈਗ ਦੀ ਧਰਤੀ ਤੇ ਜਿੱਥੇ ਹਰ ਕੋਈ ਟੂਰਨਾਮੈਂਟ, ਮੇਲਾ, ਧਾਰਮਿਕ ਸਮਾਗਮ ਜਾ ਸਭਿਆਚਾਰਕ ਪ੍ਰੋਗਰਾਮ ਬੜੀ ਸ਼ਾਨੋ-ਸ਼ੌਕਤ ਨਾਲ ਕਰਵਾਏ ਜਾਂਦੇ ਹਨ। ਇਸੇ ਕੜੀ ਤਹਿਤ ਸਾਡੀ ਨਵੀਂ ਪਨੀਰੀ ਨੂੰ ਫ਼ੀਲਡ ਹਾਕੀ ਨਾਲ ਜੋੜਨ ਲਈ ਸਥਾਨਕ ਟੋਬਾ ਵਾਰੀਅਰਜ਼ ਫ਼ੀਲਡ ਹਾਕੀ ਅਕੈਡਮੀ ਮੈਨੀਟੋਬਾ ਵੱਲੋਂ 6ਵਾਂ ਸ਼ਾਨਦਾਰ ਟੋਬਾ ਗੋਲਡ ਕੱਪ 2024 ਫ਼ੀਲਡ ਹਾਕੀ ਟੂਰਨਾਮੈਂਟ ਅਪ੍ਰੈਲ 27 (ਸ਼ਨੀਵਾਰ) ਤੇ ਅਪ੍ਰੈਲ 28 (ਐਤਵਾਰ) ਨੂੰ 1717 ਗੇਟ ਵੇਅ ਰਿਕਰੇਸ਼ਨ ਸੈਂਟਰ ਵਿਨੀਪੈਗ ਵਿਖੇ ਕਰਵਾਇਆ ਗਿਆ। ਇਸ ਟੂਰਨਾਮੈਂਟ ਵਿਚ ਕੈਨੇਡਾ ਦੀਆ ਪ੍ਰਸਿੱਧ ਅੱਠ ਟੀਮਾਂ ਨੇ ਹਿੱਸਾ ਲਿਆ । ਜਿਨ੍ਹਾਂ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ । ਪੂਲ ਏ ਵਿਚ ਟੋਬਾ ਵਾਰੀਅਰਜ਼ ਫ਼ੀਲਡ ਹਾਕੀ ਅਕੈਡਮੀ ਵਿਨੀਪੈਗ, ਯੂਨਾਈਟਿਡ ਹਾਕੀ ਫ਼ੀਲਡ ਕਲੱਬ ਕੈਲਗਰੀ , ਪੰਜਾਬ (ਹਾਕਸ) ਫ਼ੀਲਡ ਹਾਕੀ ਕਲੱਬ ਕੈਲਗਰੀ, ਟੋਰਾਂਟੋ ਵਾਰੀਅਰਜ਼ ਕਲੱਬ ਸੀ , ਜਦ ਕਿ ਪੂਲ ਬੀ ਵਿਚ ਐਡਮਿੰਟਨ ਫ਼ੀਲਡ ਹਾਕੀ ਕਲੱਬ, ਕਿੰਗਜ਼ ਇਲੈਵਨ ਹਾਕੀ ਫ਼ੀਲਡ ਕਲੱਬ, ਅਕਾਲ ਵਾਰੀਅਰਜ਼ ਕਲੱਬ ਕੈਲਗਰੀ ਤੇ ਬਰੈਂਪਟਨ ਫ਼ੀਲਡ ਹਾਕੀ ਕਲੱਬ ਦੀਆਂ ਟੀਮਾਂ ਸ਼ਾਮਲ ਸਨ। ਇਹ ਟੂਰਨਾਮੈਂਟ ਲੀਗ ਕਮ-ਨਾਕ-ਆਊਟ ਆਧਾਰ ਤੇ ਖੇਡਿਆ ਗਿਆ। ਲੀਗ ਮੈਚਾਂ ਵਿਚ ਪੂਲ ਏ ਚੋਂ ਟੋਬਾ ਵਾਰੀਅਰਜ਼ ਹਾਕੀ ਅਕੈਡਮੀ ਵਿਨੀਪੈਗ ਤੇ ਟੋਰਾਂਟੋ ਵਾਰੀਅਰਜ਼ ਕਲੱਬ ਤੇ ਪੂਲ ਬੀ ਚੋਂ ਐਡਮਿੰਟਨ ਫ਼ੀਲਡ ਹਾਕੀ ਕਲੱਬ ਤੇ ਅਕਾਲ ਹਾਕੀ ਫ਼ੀਲਡ ਕਲੱਬ ਕੈਲਗਰੀ ਨੇ ਆਪਣੇ ਆਪਣੇ ਲੀਗ ਮੈਚ ਜਿੱਤ ਕੇ ਸੈਮੀਫਾਈਨਲ ਵਿਚ ਪ੍ਰਵੇਸ਼ ਕੀਤਾ।

ਪਹਿਲੇ ਸੈਮੀਫਾਈਨਲ ਚ ਅਕਾਲ ਵਾਰੀਅਰਜ਼ ਕਲੱਬ ਕੈਲਗਰੀ ਨੇ ਟੋਬਾ ਵਾਰੀਅਰਜ਼ ਹਾਕੀ ਅਕੈਡਮੀ ਵਿਨੀਪੈਗ ਨੂੰ ਇਕ ਦੇ ਮੁਕਾਬਲੇ ਦੋ ਗੋਲਾਂ ਨਾਲ ਹਰਾ ਕੇ ਫਾਈਨਲ ਵਿਚ ਪ੍ਰਵੇਸ਼ ਕੀਤਾ। ਦੂਜੇ ਸੈਮੀਫਾਈਨਲ ਚ ਐਡਮਿੰਟਨ ਫ਼ੀਲਡ ਹਾਕੀ ਕਲੱਬ ਤੇ ਟੋਰਾਂਟੋ ਵਾਰੀਅਰਜ਼ ਕਲੱਬ ਨਿਰਧਾਰਿਤ ਸਮੇਂ ਵਿਚ ਤਿੰਨ ਤਿੰਨ ਗੋਲਾਂ ਨਾਲ ਬਰਾਬਰ ਰਹਿਣ ਤੋਂ ਬਾਅਦ ਸ਼ੂਟ ਆਊਟ ਦਾ ਸਹਾਰਾ ਲਿਆ ਗਿਆ ਜਿਸ ਵਿਚ ਅਕਾਲ ਵਾਰੀਅਰਜ਼ ਹਾਕੀ ਕਲੱਬ ਨੇ ਜਿੱਤ ਪ੍ਰਾਪਤ ਕੀਤੀ। ਫਾਈਨਲ ਮੁਕਾਬਲਾ ਬਹੁਤ ਫਸਵਾਂ ਸੀ ਜਿਸ ਚ ਅਕਾਲ ਵਾਰੀਅਰਜ਼ ਕਲੱਬ ਕੈਲਗਰੀ ਨੇ ਪੰਜ ਗੋਲਾਂ ਦੇ ਵੱਡੇ ਫ਼ਰਕ ਨਾਲ ਐਡਮਿੰਟਨ ਫ਼ੀਲਡ ਹਾਕੀ ਕਲੱਬ ਨੂੰ ਹਰਾ ਕੇ ਟੋਬਾ ਕੱਪ 2024 ਆਪਣੇ ਨਾਂਅ ਕੀਤਾ। ਤੀਸਰੇ ਸਥਾਨ ਤੇ ਟੋਬਾ ਵਾਰੀਅਰਜ਼ ਹਾਕੀ ਅਕੈਡਮੀ ਵਿਨੀਪੈਗ ਨੇ ਟੋਰਾਂਟੋ ਵਾਰੀਅਰਜ਼ ਕਲੱਬ ਨੂੰ ਚਾਰ ਦੇ ਮੁਕਾਬਲੇ ਛੇ ਗੋਲਾਂ ਨਾਲ ਮਾਤ ਦਿੱਤੀ । ਮਾਣਯੋਗ ਸਪਾਂਸਰ ਨੇ ਇਨਾਮਾਂ ਦੀ ਵੰਡ ਲਈ ਵਿਸ਼ੇਸ਼ ਤੋਰ ਤੇ ਸ਼ਿਰਕਤ ਕੀਤੀ। ਪਹਿਲੇ ਸਥਾਨ ਤੇ ਰਹਿਣ ਵਾਲੀ ਟੀਮ ਨੂੰ 2500 ਡਾਲਰ , ਦੂਸਰੇ ਸਥਾਨ ਤੇ ਰਹਿਣ ਵਾਲੀ ਟੀਮ ਨੂੰ 1500 ਡਾਲਰ ਤੇ ਤੀਸਰੇ ਸਥਾਨ ਤੇ ਰਹਿਣ ਵਾਲੀ ਟੀਮ ਨੂੰ ਹਜ਼ਾਰ ਡਾਲਰ ਦੇ ਨਕਦ ਇਨਾਮਾਂ ਤੋਂ ਇਲਾਵਾ ਟਰਾਫ਼ੀਆਂ ਵੀ ਦਿੱਤੀਆਂ ਗਈਆਂ। ਅਕਾਲ ਵਾਰੀਅਰਜ਼ ਕਲੱਬ ਕੈਲਗਰੀ ਦੇ ਤਨਵੀਰ ਕੰਗ ਨੂੰ ਫਾਈਨਲ ਮੈਚ ਵਿਚ ਸਾਰੇ ਦੇ ਸਾਰੇ ਪੰਜ ਗੋਲ ਕਰਨ ਤੇ ਇਸ ਟੂਰਨਾਮੈਂਟ ਦਾ ਵਧੀਆ ਖਿਡਾਰੀ ਐਲਾਨਿਆ ਗਿਆ ਤੇ ਅਕਾਲ ਵਾਰੀਅਰਜ਼ ਕਲੱਬ ਕੈਲਗਰੀ ਦੇ ਜਗਜੀਤ ਸਿੰਘ ਨੂੰ ਵਧੀਆ ਗੋਲ-ਕੀਪਰ ਵਜੋਂ ਸਨਮਾਨਿਤ ਕੀਤਾ ਗਿਆ।ਇਸ ਤੋਂ ਇਲਾਵਾ ਇਸ ਟੂਰਨਾਮੈਂਟ ਵਿਚ ਟੋਬਾ ਵਾਰੀਅਰਜ਼ ਹਾਕੀ ਕਲੱਬ ਦੇ ਗੁਰਪ੍ਰੀਤ ਸਿੰਘ ਵੱਲੀਂ ਨੋਂਅ, ਟੋਬਾ ਵਾਰੀਅਰਜ਼ ਹਾਕੀ ਕਲੱਬ ਦੇ ਦਮਨ ਤੇ ਟੋਰਾਂਟੋ ਵਾਰੀਅਰਜ਼ ਦੇ ਗੁਰਪ੍ਰੀਤ ਵੱਲੋਂ ਅੱਠ ਅੱਠ ਗੋਲ ਕੀਤੇ ਗਏ। ਟੋਬਾ ਵਾਰੀਅਰਜ਼ ਦੇ ਜੂਨੀਅਰ ਬੱਚਿਆ ਦਾ ਮੈਚ ਵੀ ਕਰਵਾਇਆ ਗਿਆ ਜਿਸ ਵਿਚ ਸਟੇਡੀਅਮ ਵਿਚ ਮੌਜੂਦ ਬੱਚਿਆਂ ਨੇ ਹਿੱਸਾ ਲਿਆ। ਇਸ ਟੂਰਨਾਮੈਂਟ ਦੌਰਾਨ ਨਾਸ਼ਤੇ ਤੇ ਦੁਪਹਿਰ ਦੇ ਖਾਣੇ ਦਾ ਖ਼ਾਸ ਪ੍ਰਬੰਧ ਵੀ ਕੀਤਾ ਗਿਆ ਸੀ। ਮੌਜੂਦ ਦਰਸ਼ਕਾਂ ਲਈ ਵੀ ਤਿੰਨ ਦਿਲ ਖਿਚਵੇਂ ਇਨਾਮ ਦਿੱਤੇ ਗਏ। ਇਸ ਦੌਰਾਨ ਸ਼ਾਮ ਨੂੰ ਸਪਾਂਸਰ ਦੇ ਧੰਨਵਾਦ ਪ੍ਰੋਗਰਾਮ ਵਿਚ ਸੁਰੀਲੇ ਗਾਇਕ ਚਮਕੌਰ ਚੰਨ ਦੇ ਨਵੇਂ ਗਾਣੇ ਚੰਨ ਸੋਹਣਿਆ ਦਾ ਪੋਸਟਰ ਵੀ ਰੀਲੀਜ਼ ਕੀਤਾ ਗਿਆ .ਟੋਬਾ ਵਾਰੀਅਰਜ਼ ਹਾਕੀ ਕਲੱਬ ਦੇ ਪ੍ਰਬੰਧਕਾਂ ਵੱਲੋਂ ਦੱਸਿਆ ਗਿਆ ਕਿ ਜੂਨੀਅਰ ਹਾਕੀ ਲੜਕੇ ਤੇ ਲੜਕੀਆਂ ਦੀ ਟਰੇਨਿੰਗ ਵੀ ਚੱਲ ਰਹੀ ਹੈ । ਬੱਚਿਆਂ ਦੀ ਇਨ ਡੋਰ ਪ੍ਰੈਕਟਿਸ ਹਰ ਸਨਿੱਚਰਵਾਰ ਸ਼ਾਮ ਤੇ ਸੀਨੀਅਰ ਟੀਮ ਦੀ ਪ੍ਰੈਕਟਿਸ ਐਤਵਾਰ ਸ਼ਾਮ ਚਾਰ ਵੇ ਤੋਂ ਪੰਜ ਵਜੇ ਤੱਕ 1717 ਗੇਟ ਵੇ ਰਿਕਰੇਸ਼ਨ ਸੈਂਟਰ ਵਿਚ ਚੱਲ ਰਹੀ ਹੈ । ਹੋਰ ਕਿਸੇ ਵੀ ਜਾਣਕਾਰੀ ਲਈ ਤੁਸੀਂ ਇਨ੍ਹਾਂ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ। ਸੁਰਿੰਦਰ ਮਾਵੀ 204-510-6284, ਸੁਖਮਿੰਦਰ ਸਿੰਘ 204-914-1000, ਪਰਮਜੀਤ ਲੋਪੋ 204-930-2166, ਸ਼ਮਸ਼ੇਰ ਸਿੱਧੂ 204-294-6761, ਅਮਰਦੀਪ ਸਿੰਘ 204-688-1521 ਤੇਸੁਰਿੰਦਰ ਸਿੱਧੂ 431-998-0656 । ਟੋਬਾ ਵਾਰੀਅਰਜ਼ ਹਾਕੀ ਕਲੱਬ ਦੇ ਪ੍ਰਬੰਧਕਾਂ ਵੱਲੋਂ ਵੱਲੋਂ ਖਿਡਾਰੀਆਂ, ਵਲੰਟੀਅਰਜ਼, ਸਪਾਂਸਰ ਤੇ ਦਰਸ਼ਕਾਂ ਦਾ ਵਿਸ਼ੇਸ਼ ਤੋਰ ਤੇ ਧੰਨਵਾਦ ਕੀਤਾ ਗਿਆ ਤੇ ਮਾਪਿਆ ਨੂੰ ਖ਼ਾਸ ਤੌਰ ਤੇ ਬੇਨਤੀ ਕੀਤੀ ਕਿ ਬੱਚਿਆ ਨੂੰ ਹਾਕੀ ਵੱਲ ਪ੍ਰੇਰਿਤ ਕਰਨ ਤੇ ਬੱਚਿਆਂ ਦੀ ਰਜਿਸਟਰੇਸ਼ਨ ਕਰਵਾਉਣ।

# ਦਿੱਲੀ ਗੁਰਦੁਆਰਾ ਕਮੇਟੀ ਦੇ ਮੈਂਬਰਾਂ ਦੇ ਭਾਜਪਾ ’ਚ ਸ਼ਾਮਿਲ ਹੋਣ ’ਤੇ ਧਾਮੀ ਵੱਲੋਂ ਇਤਰਾਜ਼

ਅੰਮ੍ਰਿਤਸਰ (ਪੰਜਾਬੀ ਅਖ਼ਬਾਰ ਬਿਊਰੋ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਕੁੱਝ ਮੈਂਬਰਾਂ ਵਲੋਂ ਭਾਰਤੀ ਜਨਤਾ ਪਾਰਟੀ ’ਚ ਸ਼ਾਮਿਲ ਹੋਣ ’ਤੇ ਸਖ਼ਤ ਇਤਰਾਜ਼ ਪ੍ਰਗਟ ਕਰਦਿਆਂ ਕਿਹਾ ਕਿ ਜੇਕਰ ਸਿੱਖ ਸੰਸਥਾ ਦੇ ਮੈਂਬਰਾਂ ਨੂੰ ਭਾਜਪਾ ’ਚ ਜਾ ਕੇ ਸਿਆਸਤ ਕਰਨ ਦਾ ਇੰਨਾ ਹੀ ਸ਼ੌਕ ਹੈ ਤਾਂ ਉਹ ਪਹਿਲਾਂ ਤੁਰੰਤ ਆਪਣੀ ਦਿੱਲੀ ਗੁਰਦੁਆਰਾ ਕਮੇਟੀ ਦੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇਣ।



ਐਡਵੋਕੇਟ ਧਾਮੀ ਨੇ ਕਿਹਾ ਕਿ ਭਾਜਪਾ ਦੀ ਦੂਜੇ ਧਰਮਾਂ ਦੇ ਧਾਰਮਿਕ ਮਾਮਲਿਆਂ ’ਚ ਸਿੱਧਾ ਦਖ਼ਲ ਦੇਣ ਦੀ ਇਹ ਨੀਤੀ ਬਹੁਤ ਹੀ ਮੰਦਭਾਗੀ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਦੇ ਮੈਂਬਰਾਂ ਨੂੰ ਸੰਗਤ ਵਲੋਂ ਇਸ ਭਰੋਸੇ ਨਾਲ ਚੁਣਿਆ ਜਾਂਦਾ ਹੈ ਕਿ ਉਹ ਧਾਰਮਿਕ ਭਾਵਨਾਵਾਂ ਅਤੇ ਰਿਵਾਇਤਾਂ ਅਨੁਸਾਰ ਕਾਰਜ ਕਰਨਗੇ, ਪ੍ਰੰਤੂ ਜਦੋਂ ਗੁਰਦੁਆਰਾ ਪ੍ਰਬੰਧਾਂ ਲਈ ਚੁਣੇ ਮੈਂਬਰਾਂ ਵਲੋਂ ਸਿੱਖ ਵਿਰੋਧੀ ਸੋਚ ਰੱਖਣ ਵਾਲੀ ਪਾਰਟੀ ’ਚ ਜਾਣ ਦੀ ਹਰਕਤ ਕੀਤੀ ਜਾਂਦੀ ਹੈ ਤਾਂ ਸੰਗਤ ਦੀਆਂ ਭਾਵਨਾਵਾਂ ਨੂੰ ਭਾਰੀ ਸੱਟ ਵੱਜਣੀ ਕੁਦਰਤੀ ਹੈ।ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਿੱਖ ਸੰਗਤ ਨੇ ਦਿੱਲੀ ਗੁਰਦੁਆਰਾ ਕਮੇਟੀ ਦੇ ਇਨ੍ਹਾਂ ਮੈਂਬਰਾਂ ਨੂੰ ਸਿੱਖ ਧਰਮ ਦਾ ਪ੍ਰਚਾਰ ਪ੍ਰਸਾਰ ਕਰਨ ਅਤੇ ਗੁਰੂ ਘਰਾਂ ਦਾ ਸੁਚੱਜਾ ਪ੍ਰਬੰਧ ਚਲਾਉਣ ਲਈ ਚੁਣਿਆ ਸੀ ਨਾ ਕਿ ਸਿੱਖ-ਵਿਰੋਧੀ ਪਾਰਟੀ ’ਚ ਸਿਆਸਤ ਕਰਨ ਲਈ। ਐਡਵੋਕੇਟ ਧਾਮੀ ਨੇ ਕਿਹਾ ਕਿ ਭਾਜਪਾ ਸਿੱਖ ਮਾਮਲਿਆਂ ’ਚ ਸਿੱਧੇ ਦਖ਼ਲ ਦੇ ਰਾਹ ਉੱਤੇ ਤੁਰੀ ਹੋਈ ਹੈ ਜਿਸ ਨੂੰ ਸਿੱਖ ਕੌਮ ਕਦੇ ਵੀ ਪ੍ਰਵਾਨ ਨਹੀਂ।













# 11 ਮਈ 2024 ਨੂੰ ਕੈਲਗਰੀ ਵਿਖੇ ਕੱਢੇ ਜਾਣ ਵਾਲੇ ਵਿਸਾਖੀ ਦੇ ਨਗਰ ਕੀਰਤਨ ਸਬੰਧੀ ਬੇਨਤੀਆਂ

(1) ਗੁਰੂਘਰ ਦੇ ਨੇੜੇ ਤੇੜੇ ਕੋਈ ਵੀ ਗੱਡੀ ਉਸ ਦਿਨ ਪਾਰਕਿੰਗ ਨਾ ਕਰੋ। ਹੋ ਸਕੇ ਤਾਂ ਬੱਸ ਜਾਂ ਕਿਸੇ ਤੋਂ ਰਾਈਡ ਦਾ ਪ੍ਰਬੰਧ ਕਰੋ ਜੀ।

(2) ਕਦੀ ਵੀ ਸੜਕ ਜਾਂ ਗਲੀ ਨੂੰ ਅਚਾਨਕ ਪਾਰ ਕਰਨ ਦੀ ਕੋਸਿਸ ਨਾ ਕਰੋ। ਸਿਰਫ ਪੁਲਿਸ ਜਾਂ ਸਕਿਓਰਟੀ ਗਾਰਡ ਦੀ ਨਿਗਰਾਨੀ ਹੇਠ ਹੀ ਸੜਕ ਪਾਰ ਕਰੋ। ਕੋਸਿਸ ਕਰੋ ਕਿ ਸੜਕ ਪਾਰ ਕਰਨ ਲਈ ਕਰੌਸਵਾਕ ਜਾਂ ਇੰਟਰਸੈਕਸਨ ਵਾਲੀ ਜਗ੍ਹਾ ਹੀ ਵਰਤੀ ਜਾਵੇ।

(3) ਸੇਵਾਦਾਰਾਂ ਦੀ ਗੱਲ ਸੁਣੋ ਅਤੇ ਕਦੇ ਵੀ ਘਾਹ ਉੱਤੇ ਨਾ ਤੁਰੋ, ਜੇਕਰ ਤੁਸੀਂ ਉਸ ਦਿਨ ਹੋਰ ਘਰਾਂ ਦੇ ਲੋਕਾਂ ਦਾ ਘਾਹ ਮਿੱਧ ਦੇਵੋਂਗੇ ਤਾਂ ਆਪਣੇ ਇਸ ਨਗਰ ਕੀਰਤਨ ਦਾ ਉਹਨਾਂ ਲੋਕਾਂ ਦੇ ਦਿਲਾਂ ਉੱਤੇ ਮਾੜਾ ਪ੍ਰਭਾਵ ਪਵੇਗਾ। ਅਫਰਾ ਤਫਰੀ ਫੈਲਾਉਣ ਦੀ ਬਜਾਇ ਲਾਈਨਾਂ ਬੰਨਕੇ ਤੁਰਨਾ ਸਿੱਖੋ। ਉਸ ਦਿਨ ਤੁਹਾਡੀ ਡਿਊਟੀ ਬਣਦੀ ਹੈ ਕਿ ਕਿਸੇ ਸੇਵਾਦਾਰ ਨੂੰ ਤੁਹਾਨੂੰ ਕਿਸੇ ਗੱਲੋਂ ਰੋਕਣਾ ਟੋਕਣਾ ਨਾ ਪਵੇ ਸਗੋਂ ਤੁਸੀਂ ਖੁਦ ਹੀ ਅਜਿਹਾ ਮਾਹੌਲ ਦੇਵੋ ਕਿ ਹਰ ਬੰਦਾ ਆਪਣੇ ਆਪ ਨੂੰ ਉਸ ਦਿਨ ਸੇਵਾਦਾਰ ਹੀ ਸਮਝੇ। ਗਾਰਵੇਜ ਸੁੱਟਣ ਲਈ ਜੇਕਰ ਲਗਾਏ ਹੋਏ ਕਾਲੇ ਬੈਗ ਭਰ ਜਾਂਦੇ ਹਨ ਤਾਂ ਆਮ ਤੌਰ 'ਤੇ ਦੇਖਿਆ ਜਾਂਦਾ ਹੈ ਕਿ ਲੋਕ ਬਾਹਰ ਹੀ ਲਿਬੜੀਆਂ ਹੋਈਆਂ ਕਾਲੀ ਪਲੇਟਾਂ ਬੈਗ ਦੇ ਕੋਲ ਢੇਰ ਲਗਾ ਦਿੰਦੇ ਹਨ। ਉਸ ਵੇਲੇ ਤੁਹਾਡਾ ਫਰਜ਼ ਬਣਦਾ ਹੈ ਕਿ ਉਸ ਭਰੇ ਹੋਏ ਬੈਗ ਨੂੰ ਵੱਡੇ ਬਿਨ ਵਿੱਚ ਸੁੱਟ ਦੇਵੋ ਅਤੇ ਨਵਾਂ ਬੈਗ ਲਗਾ ਦਿਓ। ਪਾਣੀ ਜੂਸ ਵਾਲੀਆਂ ਬੋਤਲਾਂ ਸਿਰਫ ਰੀ ਸਾਈਕਲ ਵਾਲੇ ਬੈਗਾਂ ਵਿੱਚ ਹੀ ਸੁਟੋ।

(4) ਖਾਲਸਾਈ ਪ੍ਰਤੀਕ ਦਸਤਾਰਾਂ ਅਤੇ ਦੁਪੱਟੇ ਸਜਾਕੇ ਆਉਣ ਦੀ ਕੋਸ਼ਿਸ਼ ਕਰਿਓ।

(5) ਦਾਨ ਦੇਣ ਵੇਲੇ ਇਹਨਾਂ ਗੱਲਾਂ ਦਾ ਖਿਆਲ ਰੱਖਣਾ:-ਲੰਗਰ ਲਈ ਪਲੇਟਾਂ,ਗਲਾਸ, ਚਮਚੇ,ਹੱਥ ਸਾਫ ਕਰਨ ਲਈ ਪੇਪਰ,ਆਦਿ ਗੁਰੂਘਰ ਦੇ ਪ੍ਰਬੰਧਕਾਂ ਕੋਲੋਂ ਕਿ ਕਿਸ ਕਿਸਮ ਦਾ ਮੈਟੀਰੀਅਲ ਹੋਵੇ ਪਹਿਲਾਂ ਪੁੱਛਕੇ ਦੇਵੋ।

(6) ਘਰ ਵਿੱਚ ਤਿਆਰ ਕੀਤਾ ਕੋਈ ਵੀ ਫੂਡ ਉਸ ਦਿਨ ਗੁਰੂਘਰ ਨਾ ਲੈਕੇ ਆਵੋ ਜੀ ਸਗੋਂ ਜੇ ਕਰ ਕਿਸੇ ਰੈਸਟੋਰੈਂਟ ਤੋਂ ਵੱਡੀ ਮਾਤਰਾ ਵਿੱਚ ਦਾਨ ਦੇਣ ਲਈ ਫੂਡ ਲਿਆਉਣਾ ਹੈ ਤਾਂ ਪਹਿਲਾਂ ਗੁਰੂਘਰ ਦੇ ਲੰਗਰ ਦੇ ਸੇਵਾਦਾਰਾਂ ਨਾਲ ਸੰਪਰਕ ਜਰੂਰ ਕਰ ਲਵੋ ਜੀ।

(7) ਫੂਡ ਬੈਂਕ ਵਿੱਚ ਦਾਨ ਲਈ ਡੱਬਾ ਬੰਦ ਫੂਡ ਦੀ ਹੀ ਵਰਤੋਂ ਕਰੋ ਜੀ।

(8) ਨਗਰ ਕੀਰਤਨ ਵਿੱਚ ਹੋਰ ਵੀ ਬਹੁਤ ਸਾਰੀਆਂ (ਇੰਡੀਆਂ ਤੋਂ ਬਿਨਾ) ਕਮਿਓਨਿਟੀਆਂ ਵੀ ਹਿੱਸਾ ਲੈਂਦੀਆਂ ਹਨ। ਗੁਰੂ ਮਹਾਰਾਜ ਦੇ ਸਤਿਕਾਰ ਲਈ ਬਹਤ ਹੀ ਪਿਆਰ ਨਾਲ ਉਹਨਾਂ ਨੂੰ ਸਿਰ ਢੱਕਣ ਲਈ ਪ੍ਰੇਰਿਤ ਕਰੋ। ਕਦੀ ਵੀ ਉਸ ਨਾਲ ਰੁੱਖਾ ਵਤੀਰਾ ਨਾ ਕਰੋ ਕਿ ਤੂੰ ਸਿਰ ਕਿਓਂ ਨਹੀਂ ਢਕਿਆ ਹੋ ਸਕਦੈ ਉਹ ਪਹਿਲੀ ਬਾਰ ਇਸ ਪਰੇਡ ਵਿੱਚ ਸਾਮਿਲ ਹੋਇਆ ਹੋਵੇ ਅਤੇ ਉਸ ਨੂੰ ਸਿੱਖ ਧਰਮ ਬਾਰੇ ਕੋਈ ਜਾਣਕਾਰੀ ਨਾ ਹੋਵੇ! ਜੇਕਰ ਤੁਹਾਨੂੰ ਉਸ ਨਾਲ ਗੱਲਬਾਤ ਕਰਨ ਲਈ ਅੰਗਰੇਜੀ ਨਹੀਂ ਆਉਂਦੀ ਤਾਂ ਕਿਸੇ ਆਪਣੀ ਕਮਿਓਨਟੀ ਦੇ ਕਿਸੇ ਅੰਗਰੇਜ਼ੀ ਜਾਨਣ ਵਾਲੇ ਵਿਅਕਤੀ ਦੀ ਮੱਦਦ ਲੈ ਲਵੋ।

(9) ਬੱਚਿਆਂ ਦੀ ਜੇਬ ਵਿੱਚ ਫੋਨ ਨੰਬਰ ਜਰੂਰ ਲਿਖਕੇ ਪਾਵੋ ਤਾਂ ਕਿ ਗੁੰਮ ਹੋ ਜਾਣ ਮੌਕੇ ਤੁਹਾਡੇ ਨਾਲ ਸੰਪਰਕ ਕੀਤਾ ਜਾ ਸਕੇ। ਕੋਸਿਸ ਕਰੋ ਕਿ ਉਸ ਦਿਨ ਜਿਹੜੇ ਕੱਪੜੇ ਬੱਚੇ ਨੇ ਪਹਿਨੇ ਹੋਣ ਉਹਨਾਂ ਕੱਪੜਿਆਂ ਵਾਲੀ ਫੋਟੋ ਵੀ ਆਪਣੇ ਸੈਲ ਫੋਨ ਵਿੱਚ ਜਰੂਰ ਖਿੱਚਕੇ ਰੱਖੋ।

(10) ਆਪਣੀ ਅਤੇ ਹੋਰਾਂ ਦੀ ਸੁਰੱਖਿਆ ਕਰਨਾ ਹਰ ਸਿੱਖ ਦਾ ਫਰਜ਼ ਹੈ। ਜੇਕਰ ਤੁਹਾਨੂੰ ਕੋਈ ਵਿਆਕਤੀ ਸ਼ੱਕੀ ਲੱਗਦਾ ਹੈ ਜਾਂ ਕੋਈ ਵੀ ਚੀਜ ਨਗਰ ਕੀਰਤਨ ਦੇ ਰਸਤੇ ਵਿੱਚ ਜਾਂ ਗਰਾਊਂਡਾਂ ਵਿੱਚ ਦਿਖਾਈ ਦਿੰਦੀ ਹੈ ਤਾਂ ਹਫੜਾ ਦਫੜੀ ਨਹੀਂ ਮਚਾਉਣੀ ਸਗੋਂ ਉਸ ਨੂੰ ਕੰਟਰੋਲ ਕਰਨ ਲਈ ਪੁਲਿਸ ਜਾਂ ਨਗਰ ਕੀਰਤਨ ਦੇ ਕਿਸੇ ਵਾਲੰਟੀਅਰ ਨੂੰ ਸੂਚਿਤ ਕਰ ਸਕਦੇ ਹੋ।

**ਨੋਟ: ਇਸ ਵਾਰ ਵੀ ਕੈਲਗਰੀ ਨਗਰ ਕੀਰਤਨ ਦੀ ਸਮਾਪਤੀ ਪ੍ਰੇਰੀਵਿੰਡਜ਼ ਪਾਰਕ ਜਾਕੇ ਹੀ ਹੋਵੇਗੀ ਅਤੇ ਪ੍ਰੇਰੀਵਿੰਡਜ਼ ਪਾਰਕ ਵਿਖੇ ਗੁਰੂ ਕਾ ਲੰਗਰ ਵੀ ਅਤੁੱਟ ਵਰਤੇਗਾ।**

ਬੇਨਤੀ ਕਰਤਾ



ਹਰਬੰਸ ਬੁੱਟਰ
ਮੁੱਖ ਸੰਪਾਦਕ - "ਪੰਜਾਬੀ ਅਖ਼ਬਾਰ"
"ਪ੍ਰਾਈਮ ਏਸੀਆ" ਟੀ ਵੀ ਕੈਲਗਰੀ
403 640 2000

Advice from someone you trust.
Sun Life
Life's brighter under the sun
Life & Health Insurance • Critical Illness Insurance • Disability Insurance
Employee Benefits • RESP • TFSA• RRSP • Mutual Funds
Harvinder Singh*
587-574-0029
harvinder.h.singh@sunlife.com
*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies. © Sun Life Assurance Company of Canada, 2023.



ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ
ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ
ਕਾਲ ਕਰੋ:
1 250 319 7263

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500



CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
RAVINDER SINGH SOHI
Alberta Certified Class 1,3,5 (Driving Instructor)
We Can Speak English, German, Punjabi, Hindi & Urdu
We have 24 years Experience
STOP
Auto & Manual Truck For Training
ਵਧੀਆ ਸੇਵਾਵਾਂ, ਵਾਜਬ ਕੀਮਤਾਂ
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca




ਕੈਲਗਰੀ ਵਿੱਚ ਸਾਂਝਾ ਪੰਜਾਬ ਗਰੋਸਰੀ ਸਟੋਰ
ਦੀ ਪੰਜਵੀਂ ਲੋਕੇਸ਼ਨ ਰੈੱਡ ਸਟੋਨ ਏਰੀਆ ਵਿੱਚ 3150-235
ਰੈੱਡ ਐਂਬਰਜ਼ ਵੇਅ ਨਾਰਥ ਈਸਟ ਵਿੱਚ ਖੁੱਲ ਗਈ ਹੈ
Mega
Sanjha Punjab
GROCERY STORE
ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ,
ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ,
ਪਰੈਸ਼ਰ ਕੂਕਰ, ਮੰਜੇ, ਆਦਿ ਪੰਜਾਬ ਦੀ ਘਾਟ
ਮਹਿਸੂਸ ਹੀ ਨਹੀਂ ਹੋਣ ਦਿੰਦੇ ।
FRESH PRODUCE
GROCERY STORE
Mega Sanjha Punjab
403-266-5200
5 LOCATIONS TO SERVE YOU
331-3690 WESTWINDS DR NE, CALGARY
117 7171 80 AVE NE, CALGARY
570- 6520 FALCONRIDGE BLVD. NE, CALGARY
606 CITYSCAPE SQR NE, CALGARY
3150 - 235 RED EMBERS WAY NE, CALGARY


2 ਫਾਰ ਵਨ ਵਾਲਿਆਂ ਦਾ ਪੀਜ਼ਾ ਇੱਕ ਵਾਰ ਖਾਂਓਗੇ
ਤਾਂ ਆਪਣੇ ਘਰ ਖਾਣਾ ਬਣਾਉਣਾ ਭੁੱਲ ਜਾਓਗੇ
ਪਹਿਲੀ ਅਤੇ ਆਖਰੀ ਬਾਈਟ ਦਾ ਸੁਆਦ
2 ਫਾਰ ਵਨ ਪੀਜ਼ਾ ਹਾਊਸ ਨੂੰ ਰੱਖਣਾ ਯਾਦ
2 FOR 1 PIZZA HOUSE
HOUSE OF TASTE & QUALITY
Please advise us of any food allergies
Call for Delivery
Westwinds
#123 – 55 Westwind Cres NE Calgary, AB
403-285-9000
Nolan Hill
Unit 155, 50 Nolanridge Court NW "Calgary, AB
Stonegate
#112 – 2250 Country Hills Blvd NE Calgary, AB
403-818-9000
The Hills at Charlesworth
#3747 – 8th Ave SW Edmonton, AB
780-250-9009
Chestermere
#101-288 Kinniburgh Blvd
403.292.0000 EXT. 6
ਆਪਣੇ ਸ਼ਹਿਰ ਵਿੱਚ 2 ਫਾਰ
ਵਨ ਪੀਜ਼ਾ ਦੀ ਫਰੈਂਚਾਈਜ
ਲੈਣ ਲਈ ਕਾਲ ਕਰੋ
ਅੰਮ੍ਰਿਤ :403-333-9000
2 For 1 Pizza House Franchise Application
Business Hours
Sunday – Thursday 11:00 am – 12:00 am
Friday & Saturday 11:0 am – 1:00 am
Location Hours May Vary
info@2for1pizzahouse.com
www.2for1pizzahouse.com
"GREAT FOOD, GREAT PRICE, GREAT QUALITY!!"


BHINDER EXTERIORS LTD.
BHINDER EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ
ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ
ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ
ਸਾਈਡਿੰਗ ਚੇਂਜ
ਕਰਕੇ ਸਟੱਕੋ
ਵੀ ਕਰਵਾ ਸਕਦੇ ਹੋ
ਇੰਸ਼ਰੈਂਸ ਕੰਪਨੀ ਨਾਲ ਉਹ ਆਪੇ
ਹੀ ਡੀਲ ਕਰਕੇ ਤੁਹਾਡੇ ਘਰ ਨੂੰ
ਪਹਿਲਾਂ ਨਾਲੋਂ ਵੀ ਸੋਹਣਾ ਅਤੇ
ਨਵਾਂ ਨਕੋਰ ਬਣਾ ਦੇਣਗੇ।
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com